# ਪਿਰਮ ਪਿਆਲਾ

ਮਾਸਟਰ ਤਾਰਾ ਸਿੰਘ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਅੰਮ੍ਰਿਤਸਰ ।

12/-

Sri Satguru Jagjit Singh Ji eLibrary NamdhariElibrary@gmail.com

੧ੴ ਸਤਿਗੁਰ ਪ੍ਰਸਾਦਿ ॥

"ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥"

# ਪਿਰਮ ਪਿਆਲਾ

**ਮਾਸਟਰ ਤਾਰਾ ਸਿੰਘ**

ਪ੍ਰਕਾਸ਼ਕ

**ਧਰਮ ਪ੍ਰਚਾਰ ਕਮੇਟੀ**

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ ।

Sri Satguru Jagjit Singh Ji eLibrary NamdhariElibrary@gmail.com

# ਪਿਰਮ ਪਿਆਲਾ

*ਐਡੀਟਰ :*
ਡਾ: ਹਰਜਿੰਦਰ ਸਿੰਘ ਦਿਲਗੀਰ

*ਪ੍ਰਕਾਸ਼ਕ*
ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ।

ਪਹਿਲੀ ਵਾਰ: ਮਾਰਚ 1999 5000

*ਛਾਪਣ ਵਾਲੇ*
ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ)
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ।

Sri Satguru Jagjit Singh Ji eLibrary NamdhariElibrary@gmail.com

## ਸਮਰਪਣ !

ਜੀਵਨ-ਪੰਧ ਵਿਚ ਵਿਛੜ ਗਈ ਬੱਚੀ
ਬੀਬੀ ਸਤਵੰਤ ਕੌਰ ਦੀ ਪਿਆਰੀ ਯਾਦ ਨੂੰ !

ਤਾਰਾ ਸਿੰਘ (ਮਾਸਟਰ)

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਲੇਖ ਸੂਚੀ


| | | |
|---|---|---|
| ☆ | ਮਾਸਟਰ ਤਾਰਾ ਸਿੰਘ (ਸੰਪਾਦਕ) | ੫ |
| ੧. | ਅੰਨ੍ਹਿਆਂ ਨੂੰ ਅੰਨ੍ਹੇ ਦਾ ਉਪਦੇਸ਼ | ੨੦ |
| ੨. | ਸੁਖੁ ਦੂਖੁ ਦੁਇ ਦਰਿ ਕਪੜੇਂ ਪਹਿਰਹਿ ਜਾਇ ਮਨੁਖ | ੨੧ |
| ੩. | ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ | ੨੩ |
| ੪. | ਸਭ ਗੁਣਾਂ ਦੇ ਵਗ ਜਾਣ ਲਈ ਮੋਰੀ | ੨੫ |
| ੫. | ਖਿਆਲਾਂ ਦਾ ਮਨ ਤੇ ਅਸਰ | ੨੮ |
| ੬. | ਪਖੰਡ, ਬਣਾਵਟ, ਵਹਿਮ ਤੇ ਸ਼ਰਧਾ | ੩੧ |
| ੭. | ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ | ੩੫ |
| ੮. | ਰੂਹਾਂ ਨਾਲ ਗੱਲ ਬਾਤ | ੩੮ |
| ੯. | ਪ੍ਰੇਮਾ ਭਗਤੀ ਤੇ ਰਿਧੀ ਸਿਧੀ | ੪੩ |
| ੧੦. | ਨੇਕ-ਨੀਤੀ ਜਾਂ ਬਾ-ਅਸੂਲੀ | ੪੮ |
| ੧੧. | ਮਨ ਕੀ ਮਤ ਤੇ ਗੁਰ ਕੀ ਮਤ | ੫੦ |
| ੧੨. | ਭਗਤੀ | ੫੩ |
| ੧੩. | ਸੱਚ ਹੀ ਸਭ ਦਾ ਜੀਵਨ ਹੈ | ੫੫ |
| ੧੪. | ਬਾਣੀ ਪੜ੍ਹਨਾ ਤੇ ਪਖੰਡ ਨਾਲ ਪੜ੍ਹਨਾ | ੫੬ |
| ੧੫. | ਬੁਤ ਪੂਜਾ ਤੇ ਮਾਦਾ ਪ੍ਰਸਤੀ | ੬੦ |
| ੧੬. | ਇਸਤ੍ਰੀ ਮਰਦ ਦੇ ਇਕੋ ਜੇਹੇ ਹੱਕ | ੬੨ |
| ੧੭. | ਸਰਮਾਇਆਦਾਰੀ ਕਿ ਸਰਮਾਇਆ-ਪ੍ਰਸਤੀ | ੬੫ |
| ੧੮. | ਜੰਗਲੀ ਫੁੱਲ | ੬੮ |
| ੧੯. | ਮੇਰੀ ਅਰਦਾਸ | ੭੬ |


Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਮਾਸਟਰ ਤਾਰਾ ਸਿੰਘ ਜੀ

ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਸਿੱਖ ਪੰਥ ਵਿਚ ਇਕ ਅਹਿਮ ਥਾਂ ਰਖਦੇ ਹਨ। ਉਨ੍ਹਾਂ ਨੇ ਅੱਧੀ ਸਦੀ ਸਿੱਖ ਕੌਮ ਦੀ ਅਗਵਾਈ ਕੀਤੀ। ਤਕਰੀਬਨ 40 ਸਾਲ ਦੀ ਸਿੱਖ ਤਵਾਰੀਖ਼ ਸਿਰਫ਼ ਉਨ੍ਹਾਂ ਦੀ ਸ਼ਖ਼ਸੀਅਤ ਦੇ ਦੁਆਲੇ ਹੀ ਘੁੰਮਦੀ ਹੈ। ਮਾਸਟਰ ਤਾਰਾ ਸਿੰਘ ਸਿਰਫ਼ ਇਕ ਸ਼ਖ਼ਸੀਅਤ ਹੀ ਨਹੀਂ ਬਲਕਿ ਪੂਰੀ ਦੀ ਪੂਰੀ ਜਮਾਤ ਸਨ। ਉਨ੍ਹਾਂ ਦੇ ਬੋਲ ਦਿੱਲੀ ਅਤੇ ਲੰਡਨ ਦੇ ਤਖ਼ਤ ਨੂੰ ਹਿਲਾ ਦਿੰਦੇ ਸਨ। ਸੱਚੀ ਗੱਲ ਤਾਂ ਇਹ ਹੈ ਕਿ 1926 ਤੋਂ 1966 ਤਕ ਚਾਲੀ ਸਾਲ ਦੀ ਪੰਜਾਬ ਦੀ ਤਵਾਰੀਖ਼ ਮਾਸਟਰ ਤਾਰਾ ਸਿੰਘ ਜੀ ਦੀ ਜ਼ਿੰਦਗੀ ਦੀ ਕਹਾਣੀ ਹੈ।

ਮਾਸਟਰ ਤਾਰਾ ਸਿੰਘ ਜੀ ਦਾ ਜਨਮ 24 ਜੂਨ 1885 ਦੇ ਦਿਨ ਬਖ਼ਸ਼ੀ ਗੋਪੀ ਚੰਦ ਦੇ ਘਰ ਪਿੰਡ ਹਰਿਆਲ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਚ ਹੋਇਆ ਸੀ। ਆਪ ਦਾ ਪਰਿਵਾਰ ਭਾਵੇਂ ਹਿੰਦੂ ਧਰਮ ਨਾਲ ਸਬੰਧ ਰਖਦਾ ਸੀ ਪਰ ਉਨ੍ਹਾਂ ਦਾ ਝੁਕਾਅ ਸਿੱਖ ਧਰਮ ਵੱਲ ਵਧੇਰੇ ਸੀ। ਇਸ ਪਰਿਵਾਰ ਦੇ ਸਾਰੇ ਰਸਮੋ-ਰਿਵਾਜ਼ ਸਿੱਖ ਮਰਿਆਦਾ ਅਨੁਸਾਰ ਹੀ ਹੋਇਆ ਕਰਦੇ ਸਨ।

ਮਾਸਟਰ ਤਾਰਾ ਸਿੰਘ ਜੀ ਦਾ ਬਚਪਨ ਦਾ ਨਾਂ ਨਾਨਕ ਚੰਦ ਸੀ। ਨਾਨਕ ਚੰਦ ਨੇ ਆਪਣਾ ਬਚਪਨ ਆਪਣੇ ਪਿੰਡ ਵਿਚ ਹੀ ਬਿਤਾਇਆ ਅਤੇ ਮੁੱਢਲੀ ਪੜ੍ਹਾਈ ਨੇੜੇ ਦੇ ਪਿੰਡ ਹਰਨਾਲ ਵਿਚ ਕੀਤੀ। ਸਕੂਲ ਦੀ ਪੜ੍ਹਾਈ ਦੇ ਦੌਰਾਨ ਉਨ੍ਹਾਂ ਨੇ ਭਾਈ ਰਤਨ ਸਿੰਘ ਭੰਗੂ ਦੀ ਕਿਤਾਬ "ਪ੍ਰਾਚੀਨ ਪੰਥ ਪ੍ਰਕਾਸ਼" ਪੜ੍ਹੀ। ਇਸ ਕਿਤਾਬ ਵਿਚ ਸਿੱਖ ਤਵਾਰੀਖ਼ ਨੂੰ ਸਹੀ ਤੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੋਇਆ ਹੈ। ਇਸ ਕਿਤਾਬ ਨੇ ਨਾਨਕ ਚੰਦ ਨੂੰ ਬੜਾ ਅਸਰ-ਅੰਦਾਜ਼ ਕੀਤਾ। ਉਨ੍ਹਾਂ ਦੇ ਦਿਲ ਵਿਚ ਸਿੱਖ ਧਰਮ ਵਾਸਤੇ ਬੜੀ ਸ਼ਰਧਾ ਪੈਦਾ ਹੋ ਗਈ। ਉਨ੍ਹਾਂ ਦਾ ਦਿਲ ਕਈ ਵਾਰੀ ਕਰਦਾ ਸੀ ਕਿ ਮੈਂ ਅੰਮ੍ਰਿਤ ਛੱਕ ਕੇ ਸਿੰਘ ਸਜ ਜਾਵਾਂ।

ਉਨ੍ਹੀਂ ਦਿਨੀਂ ਬਾਬਾ ਅਤਰ ਸਿੰਘ ਮਸਤੂਆਣਾ ਵਾਲੇ ਰਾਵਲਪਿੰਡੀ ਵਿਚ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਕਰ ਰਹੇ ਸਨ। ਇਕ ਦਿਨ ਨਾਨਕ ਚੰਦ ਆਪਣੇ ਪਿੰਡੋਂ ਰਾਵਲਪਿੰਡੀ ਜਾ ਰਹੇ ਸੀ ਤਾਂ ਰਸਤੇ ਵਿਚ ਉਨ੍ਹਾਂ ਦਾ ਮੇਲ ਕੁਝ ਨੌਜਵਾਨਾਂ ਨਾਲ ਹੋਇਆ ਜੋ ਬਾਬਾ ਅਤਰ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਰਾਵਲਪਿੰਡੀ ਜਾ ਰਹੇ ਸਨ। ਨਾਨਕ ਚੰਦ ਵੀ ਉਨ੍ਹਾਂ ਦੇ ਨਾਲ ਚਲੇ ਗਏ। ਰਾਵਲਪਿੰਡੀ ਵਿਚ ਨਾਨਕ ਚੰਦ ਨੇ ਬਾਬਾ ਅਤਰ ਸਿੰਘ ਜੀ ਦੇ ਵਿਚਾਰ ਸੁਣੇ ਅਤੇ ਉਨ੍ਹਾਂ ਨੇ ਫ਼ੈਸਲਾ ਕੀਤਾ ਕੇ ਉਹ ਅੰਮ੍ਰਿਤ ਛਕ ਕੇ ਹੀ ਘਰ ਮੁੜਨਗੇ।

ਜਦ ਨਾਨਕ ਚੰਦ ਤਾਰਾ ਸਿੰਘ ਬਣ ਕੇ, ਸਿਰ 'ਤੇ ਦਸਤਾਰ ਸਜਾਈ ਅਤੇ ਗਲ ਵਿਚ ਕਿਰਪਾਨ ਪਾਈ, ਆਪਣੇ ਪਿੰਡ ਪੁੱਜੇ ਤਾਂ ਉਨ੍ਹਾਂ ਦੇ ਪਿਤਾ ਅਤੇ ਵੱਡੇ ਭਾਈ ਨਾਰਾਜ਼ ਹੋਏ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਸਿੱਖ ਨਾ ਬਣਨ ਵਾਸਤੇ ਬੜੇ ਵਾਸਤੇ ਪਾਏ ਪਰ ਜਦ ਤਾਰਾ ਸਿੰਘ 'ਤੇ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਅਸਰ ਨਾ ਹੋਇਆ ਤਾਂ ਪਿਤਾ ਜੀ ਨੇ ਧਮਕੀ ਦੇਂਦਿਆਂ ਉਨ੍ਹਾਂ ਨੂੰ ਕਿਹਾ ਕਿ ਜੇ ਤੂੰ ਸਿੱਖ ਬਣਨਾ ਚਾਹੁੰਦਾ ਹੈ ਤਾਂ ਤੈਨੂੰ ਘਰ ਛੱਡਣਾ ਪਵੇਗਾ। ਇਸ ਗੱਲ ਦਾ ਮਾਸਟਰ ਤਾਰਾ ਸਿੰਘ 'ਤੇ ਕੋਈ ਅਸਰ ਨਾ ਹੋਇਆ ਅਤੇ ਉਹ ਉਸੇ ਵੇਲੇ ਘਰੋਂ ਟੁਰ ਪਏ। ਜਦੋਂ ਉਹ ਘਰ ਛੱਡ ਕੇ ਚਲੇ ਗਏ ਤਾਂ ਉਨ੍ਹਾਂ ਦੀ ਮਾਂ ਨੇ ਉਨ੍ਹਾਂ ਦੇ ਵੱਡੇ ਭਰਾ ਗੰਗਾ ਰਾਮ ਨੂੰ ਉਨ੍ਹਾਂ ਦੇ ਪਿੱਛੇ ਭੇਜਿਆ ਅਤੇ ਉਨ੍ਹਾਂ ਨੂੰ ਮਨਾ ਕੇ ਘਰ ਵਾਪਸ ਲੈ ਆਂਦਾ। ਇੰਞ ਮਾਸਟਰ ਜੀ ਦੇ ਸ਼ਿਰੜ ਨੇ ਉਨ੍ਹਾਂ ਦੀ ਸਿੱਖੀ ਕਾਇਮ ਰੱਖੀ।

ਰਾਵਲਪਿੰਡੀ ਵਿਚ ਪੜ੍ਹਾਈ ਖਤਮ ਕਰ ਕੇ ਉਨ੍ਹਾਂ ਨੇ ਅੰਮ੍ਰਿਤਸਰ ਖਾਲਸਾ ਕਾਲਜ ਵਿਚ ਦਾਖ਼ਲਾ ਲੈ ਲਿਆ। ਮਾਸਟਰ ਤਾਰਾ ਸਿੰਘ ਆਪਣੇ ਕਾਲਜ ਦੀ ਪੜ੍ਹਾਈ ਦੇ ਵੇਲੇ ਤੋਂ ਹੀ ਬੜੇ ਅਗਾਂਹਵਧੂ ਖ਼ਿਆਲਾਂ ਦੇ ਸਨ। ਸਕੂਲ ਦੇ ਬਹੁਤੇ ਵਿਦਿਆਰਥੀ ਉਨ੍ਹਾਂ ਨੂੰ ਆਪਣਾ ਆਗੂ ਮੰਨਦੇ ਸਨ। 1907 ਵਿਚ ਮਾਸਟਰ ਜੀ ਵਿਦਿਆਰਥੀਆਂ ਦੀ ਜਥੇਬੰਦੀ ਦੇ ਪ੍ਰਧਾਨ ਸਨ। ਇਸ ਸਾਲ ਸ: ਧਰਮ ਸਿੰਘ ਇੰਜੀਨੀਅਰ, ਜੋ ਕਾਲਜ ਵਿਚ ਨਿਸ਼ਕਾਮ ਸੇਵਾ ਕਰਿਆ ਕਰਦੇ ਸਨ, ਬਾਰੇ ਅੰਗਰੇਜ਼ ਇੰਜੀਨੀਅਰ ਮਿਸਟਰ ਹਿੱਲ ਵੱਲੋਂ ਕੁਝ ਮਾੜੇ ਬੋਲ ਬੋਲੇ ਜਾਣ ਦੇ ਖ਼ਿਲਾਫ਼ ਆਪ ਨੇ ਆਪਣਾ ਰੋਸ ਜ਼ਾਹਿਰ ਕੀਤਾ। ਭਾਵੇਂ ਮਹਾਰਾਜਾ ਹੀਰਾ ਸਿੰਘ ਨਾਭਾ ਦੀਆਂ ਕੋਸ਼ਿਸ਼ਾਂ ਸਦਕਾ ਇਹ ਮਸਲਾ ਇਕ ਵਾਰ ਤਾਂ ਹੱਲ ਹੋ ਗਿਆ ਪਰ ਮਗਰੋਂ ਸਰਕਾਰ ਨੇ ਪ੍ਰੋ: ਜੋਧ ਸਿੰਘ ਅਤੇ ਹੈੱਡਮਾਸਟਰ ਨਰਾਇਣ ਸਿੰਘ ਨੂੰ ਨੌਕਰੀ ਤੋਂ ਕੱਢ ਦਿੱਤਾ ਕਿਉਂਕਿ ਸਰਕਾਰ ਸਮਝਦੀ ਸੀ ਕਿ ਮਾਸਟਰ ਤਾਰਾ ਸਿੰਘ ਅਤੇ ਬਾਕੀ ਵਿਦਿਆਰਥੀਆਂ ਨੂੰ ਭੜਕਾਉਣ ਵਿਚ ਉਨ੍ਹਾਂ ਦਾ ਹੱਥ ਸੀ। 1907 ਵਿਚ ਮਾਸਟਰ ਜੀ ਨੇ ਬੀ. ਏ. ਪਾਸ ਕਰ ਲਈ ਅਗਲੇ ਸਾਲ ਉਨ੍ਹਾਂ ਨੇ ਐਸ. ਵੀ. ਦਾ ਟੀਚਰ-ਟਰੇਨਿੰਗ ਕੋਰਸ ਵੀ ਪਾਸ ਕਰ ਲਿਆ। ਉਨ੍ਹੀਂ ਦਿਨੀਂ ਲਾਇਲਪੁਰ ਵਿਚ ਖਾਲਸਾ ਸਕੂਲ ਬਣਾਏ ਜਾਣ ਦੀ ਤਿਆਰੀ ਹੋ ਰਹੀ ਸੀ। ਮਾਸਟਰ ਜੀ ਨੇ ਨਵੇਂ ਸਕੂਲ ਵਿਚ 15 ਰੁਪਏ ਮਹੀਨੇ 'ਤੇ ਹੈੱਡਮਾਸਟਰ ਵਜੋਂ ਸੇਵਾ ਕਰਨਾ ਮੰਨ ਲਿਆ।

ਹੈੱਡਮਾਸਟਰ ਬਣਨ ਦੇ ਬਾਅਦ ਮਾਸਟਰ ਤਾਰਾ ਸਿੰਘ ਲਾਇਲਪੁਰ ਦੇ ਸਿਆਸੀ ਆਗੂਆਂ ਦੇ ਬਹੁਤ ਨੇੜੇ ਆ ਗਏ। ਸ: ਹਰਚੰਦ ਸਿੰਘ ਲਾਇਲਪੁਰੀ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ: ਤੇਜਾ ਸਿੰਘ ਸਮੁੰਦਰੀ ਅਤੇ ਉਨ੍ਹਾਂ ਦੇ ਸਾਥੀ ਮਾਸਟਰ ਜੀ ਦੇ ਗੂੜ੍ਹੇ ਦੋਸਤ ਬਣ ਗਏ। ਇਹ 'ਲਾਇਲਪੁਰੀ ਗਰੁੱਪ' ਮਗਰੋਂ ਸਿੱਖ ਕੌਮ ਦੀ ਸਿਆਸੀ ਅਗਵਾਈ ਵਿਚ ਬਹੁਤ ਅੱਗੇ ਆਇਆ। ਮਾਸਟਰ ਤਾਰਾ ਸਿੰਘ ਜੀ ਨੇ ਖਾਲਸਾ ਸਕੂਲ ਲਾਇਲਪੁਰ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਇਆ ਪਰ ਹੈੱਡਮਾਸਟਰ ਹੁੰਦਿਆਂ ਉਹ ਕਦੇ ਵੀ ਅੰਗਰੇਜ਼ ਅਫ਼ਸਰਾਂ ਦੀ ਚਾਪਲੂਸੀ ਨਹੀਂ ਕਰਿਆ ਕਰਦੇ ਸੀ। ਇਸ

Sri Satguru Jagjit Singh Ji eLibrary NamdhariElibrary@gmail.com

ਕਰ ਕੇ ਸਰਕਾਰ ਵੱਲੋਂ ਸਕੂਲ ਨੂੰ ਮਾਲੀ ਮਦਦ ਨਹੀਂ ਸੀ ਮਿਲਿਆ ਕਰਦੀ। ਅੰਗਰੇਜ਼ ਚਾਹੁੰਦੇ ਸਨ ਕਿ ਮਾਸਟਰ ਜੀ ਇਸ ਸਕੂਲ ਨੂੰ ਛੱਡ ਦੇਣ ਤੇ ਜਾਂ ਫਿਰ ਸਰਕਾਰ ਦੇ ਜੀ ਹਜ਼ੂਰੀਏ ਬਣ ਜਾਣ। ਉਨ੍ਹਾਂ ਦਿਨਾਂ ਵਿਚ ਹੀ ਦਿੱਲੀ ਦੇ ਰਕਾਬ-ਗੰਜ ਗੁਰਦੁਆਰੇ ਦੀ ਦੀਵਾਰ ਸਰਕਾਰ ਨੇ ਢਾਹ ਦਿੱਤੀ ਤਾਂ ਜੋ ਵਾਇਸਰਾਏ ਦੀ ਨਵੀਂ ਕੋਠੀ ਦੀ ਖ਼ੂਬਸੂਰਤੀ ਕਾਇਮ ਰਹਿ ਸਕੇ। ਇਸ ਹਰਕਤ ਦੇ ਖ਼ਿਲਾਫ਼ ਸਿੱਖਾਂ ਨੇ ਜ਼ਬਰਦਸਤ ਰੋਸ ਜ਼ਾਹਿਰ ਕੀਤਾ। ਲਾਇਲਪੁਰ ਦੇ ਸ: ਹਰਚੰਦ ਸਿੰਘ ਅਤੇ ਹੋਰ ਆਗੂਆਂ ਨੇ ਇਸ ਦੇ ਖ਼ਿਲਾਫ਼ ਜਦੋ-ਜਹਿਦ ਸ਼ੁਰੂ ਕਰ ਦਿੱਤੀ। ਪਹਿਲੀ ਵੱਡੀ ਜੰਗ ਸ਼ੁਰੂ ਹੋਣ ਕਰ ਕੇ ਇਕ ਵਾਰ ਤਾਂ ਇਹ ਮਸਲਾ ਪਿੱਛੇ ਪਾ ਦਿੱਤਾ ਗਿਆ ਕਿਉਂਕਿ ਅੰਗਰੇਜ਼ਾਂ ਨੇ ਵਾਇਦਾ ਕੀਤਾ ਸੀ ਕਿ ਜੰਗ ਮੁਕਦਿਆਂ ਹੀ ਉਹ ਰਕਾਬ-ਗੰਜ ਗੁਰਦੁਆਰੇ ਦੀ ਦੀਵਾਰ ਬਣਾ ਦੇਣਗੇ। ਦੂਜੇ ਪਾਸੇ ਸਰਕਾਰ ਨੇ ਲਾਇਲਪੁਰੀ ਗਰੁੱਪ ਨੂੰ ਮਜਬੂਰ ਕਰਨਾ ਸ਼ੁਰੂ ਕਰ ਦਿੱਤਾ ਕਿ ਮਾਸਟਰ ਤਾਰਾ ਸਿੰਘ ਜੀ ਨੂੰ ਸਕੂਲ ਤੋਂ ਅਲਹਦਾ ਕਰ ਦਿੱਤਾ ਜਾਵੇ। ਅਖ਼ੀਰ ਸਕੂਲ ਦੀ ਭਲਾਈ ਨੂੰ ਸਾਹਵੇਂ ਰੱਖ ਕੇ ਮਾਸਟਰ ਜੀ ਨੇ ਸਕੂਲ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਦਿਨਾਂ ਵਿਚ ਹੀ ਮਾਸਟਰ ਜੀ ਨੂੰ ਲੰਡਨ ਦੇ ਗੁਰਦੁਆਰੇ ਦਾ ਮੈਨੇਜਰ ਬਣਾ ਕੇ ਭੇਜਣ ਦੀ ਸਕੀਮ ਚੱਲ ਰਹੀ ਸੀ ਪਰ ਜੰਗ ਸ਼ੁਰੂ ਹੋਣ ਕਰ ਕੇ ਸਕੀਮ ਸਿਰੇ ਨਾ ਚੜ੍ਹ ਸਕੀ। ਇਸ ਦੇ ਬਾਅਦ ਲਾਇਲਪੁਰ ਦੇ ਆਗੂਆਂ ਨੇ ਮਾਸਟਰ ਜੀ ਨੂੰ ਇਕ 'ਕਮਿਸ਼ਨ ਏਜੰਸੀ' (ਆੜ੍ਹਤ ਦੀ ਦੁਕਾਨ) ਸ਼ੁਰੂ ਕਰਵਾ ਦਿੱਤੀ ਪਰ ਮਾਸਟਰ ਤਾਰਾ ਸਿੰਘ ਦੁਕਾਨਦਾਰੀ ਵਾਸਤੇ ਨਹੀਂ ਸਨ ਬਣੇ ਹੋਏ, ਇਸ ਕਰ ਕੇ ਦੁਕਾਨ ਕਾਮਯਾਬ ਨਾ ਹੋ ਸਕੀ। ਕੁਝ ਚਿਰ ਮਗਰੋਂ ਦੁਕਾਨ ਬੰਦ ਕਰ ਦਿੱਤੀ ਗਈ ਅਤੇ ਮਾਸਟਰ ਜੀ ਲਾਇਲਪੁਰ ਚੱਕ ਨੰਬਰ 41 ਦੇ ਸਕੂਲ ਦੇ ਹੈੱਡਮਾਸਟਰ ਬਣ ਗਏ।

ਕੁਝ ਚਿਰ ਆਪ ਹੈੱਡਮਾਸਟਰ ਵਜੋਂ ਨੌਕਰੀ ਕਰਦੇ ਰਹੇ। ਉਨ੍ਹਾਂ ਦਿਨਾਂ ਵਿਚ ਹੀ ਪੰਜਾਬ ਵਿਚ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਗਈ। 21 ਮਈ 1920 ਦੇ ਦਿਨ ਲਾਹੌਰ ਤੋਂ ਪੰਜਾਬੀ ਵਿਚ ਰੋਜ਼ਾਨਾ ਅਖ਼ਬਾਰ "ਅਕਾਲੀ" ਛਪਣੀ ਸ਼ੁਰੂ ਹੋ ਗਈ। ਇਸ ਅਖ਼ਬਾਰ ਨੇ ਸਾਰੇ ਪੰਥ-ਦਰਦੀਆਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ। ਇਸ ਅਖ਼ਬਾਰ ਵਿਚ ਗੁਰਦੁਆਰਿਆਂ ਦੀ ਹਾਲਤ ਅਤੇ ਸਿੱਖ ਸਿਆਸਤ ਬਾਰੇ ਪੂਰੀ ਜਾਣਕਾਰੀ ਛਪਣੀ ਸ਼ੁਰੂ ਹੋ ਗਈ। ਇਸ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਇਕ ਜ਼ਬਰਦਸਤ ਮੁਹਿੰਮ ਬਣਾ ਦਿੱਤਾ। ਅਜਿਹਾ ਜਾਪਦਾ ਸੀ ਕਿ ਕਿਸੇ ਦਿਨ ਗੁਰਦੁਆਰਾ ਸੁਧਾਰ ਲਹਿਰ ਬੜੀ ਤੇਜ਼ੀ ਨਾਲ ਸ਼ੁਰੂ ਹੋ ਜਾਵੇਗੀ। ਇਸ ਨੂੰ ਸਿਰਫ਼ ਇਕ ਚਿੰਗਾੜੀ ਦੀ ਜ਼ਰੂਰਤ ਸੀ।

ਅਖ਼ੀਰ ਇਹ ਚੰਗਿਆੜੀ 12 ਅਕਤੂਬਰ 1920 ਦੇ ਦਿਨ ਅਖੌਤੀ ਪਛੜੀਆਂ ਜ਼ਾਤਾਂ ਦੇ ਸਿੱਖਾਂ ਵੱਲੋਂ ਦਰਬਾਰ ਸਾਹਿਬ ਤੇ ਕੜਾਹ ਪ੍ਰਸਾਦ ਭੇਂਟ ਕਰਨ ਤੇ ਮਹੰਤਾਂ ਵੱਲੋਂ ਇਨਕਾਰ ਕੀਤੇ ਜਾਣ ਨਾਲ ਭੜਕ ਪਈ। ਇਸੇ ਦਿਨ ਅਕਾਲ ਤਖ਼ਤ ਸਾਹਿਬ ਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਅਤੇ ਸਿੱਖਾਂ ਨੇ ਹੌਲੀ-ਹੌਲੀ ਹੋਰ ਬਹੁਤ ਸਾਰੇ

Sri Satguru Jagjit Singh Ji eLibrary NamdhariElibrary@gmail.com

ਗੁਰਦੁਆਰਿਆਂ ਨੂੰ ਆਪਣੇ ਕੰਟਰੋਲ ਹੇਠ ਲਿਆਉਣ ਵਾਸਤੇ ਬੜੀ ਤੇਜ਼ੀ ਨਾਲ ਜਦੋਜਹਿਦ ਸ਼ੁਰੂ ਕਰ ਦਿੱਤੀ।

15 ਨਵੰਬਰ 1920 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਹੋ ਗਈ। ਇਸ ਦੀ 175 ਮੈਂਬਰੀ ਕਮੇਟੀ ਵਿਚ ਮਾਸਟਰ ਤਾਰਾ ਸਿੰਘ ਜੀ ਵੀ ਸ਼ਾਮਿਲ ਸਨ। 14 ਦਸੰਬਰ 1920 ਦੇ ਦਿਨ (ਸ਼੍ਰੋਮਣੀ) ਅਕਾਲੀ ਦਲ ਵੀ ਕਾਇਮ ਹੋ ਗਿਆ। ਇਸ ਦੀ ਪਹਿਲੀ ਬੈਠਕ 24 ਜਨਵਰੀ 1921 ਦੇ ਦਿਨ ਹੋਈ। ਸ: ਸਰਮੁਖ ਸਿੰਘ ਝਬਾਲ ਜਥੇਦਾਰ ਚੁਣੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਦੀ ਆਜ਼ਾਦੀ ਵਾਸਤੇ ਜ਼ੋਰ-ਸ਼ੋਰ ਨਾਲ ਜਦੋਜਹਿਦ ਸ਼ੁਰੂ ਕਰ ਦਿੱਤੀ।

20 ਫਰਵਰੀ 1921 ਦੇ ਦਿਨ ਜਦੋਂ 200 ਦੇ ਕਰੀਬ ਸਿੱਖਾਂ ਦਾ ਇਕ ਜਥਾ ਗੁਰਦੁਆਰਾ ਜਨਮ ਅਸਥਾਨ ਨਾਨਕਾਣਾ ਸਾਹਿਬ ਵਿਚ ਗਿਆ ਤਾਂ ਉੱਥੋਂ ਦੇ ਮਹੰਤ ਨੇ 130 ਤੋਂ ਵਧ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਇਸ ਸ਼ਹੀਦੀ ਸਾਕੇ ਤੋਂ ਬਾਅਦ ਮਾਸਟਰ ਤਾਰਾ ਸਿੰਘ ਅਕਾਲੀ ਲਹਿਰ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੋ ਗਏ। 7 ਨਵੰਬਰ 1921 ਦੇ ਦਿਨ ਜਦੋਂ ਅੰਗਰੇਜ਼ ਸਰਕਾਰ ਨੇ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਤੋਂ ਖੋਹ ਲਈਆਂ ਤਾਂ ਸਿੱਖਾਂ ਨੇ ਇਸ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ। ਇਸ ਸਬੰਧ ਵਿਚ ਹੋਰ ਆਗੂਆਂ ਦੇ ਨਾਲ ਮਾਸਟਰ ਤਾਰਾ ਸਿੰਘ ਜੀ ਵੀ ਗ੍ਰਿਫ਼ਤਾਰ ਕੀਤੇ ਗਏ। ਇਹ ਮਾਸਟਰ ਜੀ ਦੀ ਪਹਿਲੀ ਗ੍ਰਿਫ਼ਤਾਰੀ ਸੀ। ਅਕਾਲੀ ਲਹਿਰ 1925 ਤਕ ਚਲਦੀ ਰਹੀ। ਇਸ ਦੌਰਾਨ ਕਈ ਮੋਰਚੇ ਲੱਗੇ। ਹਜ਼ਾਰਾਂ ਸਿੰਘ ਜੇਲ੍ਹਾਂ ਵਿਚ ਗਏ, ਸੈਂਕੜੇ ਸ਼ਹੀਦ ਹੋਏ। ਮੋਰਚਿਆਂ ਦੌਰਾਨ ਅੰਗਰੇਜ਼ ਸਰਕਾਰ ਨੇ 12 ਅਕਤੂਬਰ 1923 ਦੇ ਦਿਨ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਅਤੇ ਨਾਲ ਹੀ ਸਾਰੇ ਸੀਨੀਅਰ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਆਗੂਆਂ ਵਿਚ ਮਾਸਟਰ ਤਾਰਾ ਸਿੰਘ ਜੀ ਵੀ ਸਨ। ਸਾਰੇ ਅਕਾਲੀ ਆਗੂ 1925 ਤਕ ਜੇਲ੍ਹ ਵਿਚ ਰਹੇ। ਗੁਰਦੁਆਰਾ ਐਕਟ ਪਾਸ ਹੋਣ ਤੋਂ ਬਾਅਦ ਜਨਵਰੀ 1926 ਵਿਚ ਸਰਕਾਰ ਨੇ ਕੁਝ ਅਕਾਲੀ ਆਗੂ ਇਸ ਸ਼ਰਤ 'ਤੇ ਰਿਹਾ ਕਰ ਦਿਤੇ ਕਿ ਉਹ ਗੁਰਦੁਆਰਾ ਐਕਟ 'ਤੇ ਅਮਲ ਕਰਨਗੇ ਪਰ ਮਾਸਟਰ ਤਾਰਾ ਸਿੰਘ ਜੀ ਤੇ ਕੁਝ ਹੋਰ ਅਕਾਲੀ ਆਗੂਆਂ ਨੇ ਇਹ ਮਾਮੂਲੀ ਜਿਹੀ ਵੀ ਸ਼ਰਤ ਮੰਨ ਕੇ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ ਜੇਲ੍ਹ ਵਿਚ ਹੀ ਸ: ਤੇਜਾ ਸਿੰਘ ਸਮੁੰਦਰੀ, ਜੋ ਰਿਹਾ ਨਾ ਹੋਣ ਵਾਲੇ ਗਰੁੱਪ ਦੇ ਆਗੂ ਸਨ, 17 ਜੁਲਾਈ 1926 ਦੇ ਦਿਨ ਚੜ੍ਹਾਈ ਕਰ ਗਏ। ਪਿੱਛੇ ਰਹਿ ਗਏ ਅਕਾਲੀ ਆਗੂਆਂ ਨੇ ਮਾਸਟਰ ਜੀ ਨੂੰ ਆਪਣਾ ਲੀਡਰ ਚੁਣ ਲਿਆ। ਮਾਸਟਰ ਜੀ ਸਤੰਬਰ 1926 ਵਿਚ ਰਿਹਾ ਹੋਏ ਇਸ ਤੋਂ ਬਾਅਦ ਦੀ ਅਕਾਲੀ ਸਿਆਸਤ ਅਤੇ ਸਿੱਖ ਸਿਆਸਤ ਮਾਸਟਰ ਜੀ ਦੇ ਦੁਆਲੇ ਹੀ ਘੁੰਮਦੀ ਹੈ।

ਗੁਰਦੁਆਰਾ ਐਕਟ ਬਣਨ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਕਟ

ਮੁਤਾਬਿਕ "ਸੈਂਟਰਲ ਬੋਰਡ") ਦੀਆਂ ਚੋਣਾਂ 18 ਜੂਨ 1926 ਨੂੰ ਕਰਵਾਈਆਂ ਗਈਆਂ। ਸਰਦਾਰ ਬਹਾਦਰ ਮਹਿਤਾਬ ਸਿੰਘ ਨੇ ਕਿਸੇ ਕਾਨੂੰਨੀ ਨੁਕਤੇ ਦੀ ਬਿਨਾ ਤੇ ਮਾਸਟਰ ਤਾਰਾ ਸਿੰਘ ਅਤੇ ਸ: ਅਮਰ ਸਿੰਘ ਵਾਸੂ ਦੇ ਨਾਮਜ਼ਦਗੀ ਕਾਗਜ਼ ਰੱਦ ਕਰਵਾ ਦਿੱਤੇ। ਇਸ ਨਾਲ ਮਾਸਟਰ ਜੀ ਦੀ ਸੀਟ ਤੋਂ ਗਿਆਨੀ ਸ਼ੇਰ ਸਿੰਘ ਬਿਨਾ ਮੁਕਾਬਲਾ ਚੁਣੇ ਗਏ। ਸ: ਬ: ਮਹਿਤਾਬ ਸਿੰਘ ਧੜੇ ਦੇ ਤਿੰਨ ਹੋਰ ਉਮੀਦਵਾਰ ਵੀ ਬਿਨਾ ਮੁਕਾਬਲਾ ਚੁਣੇ ਗਏ। ਇਸ ਦੇ ਬਾਵਜੂਦ ਚੋਣਾਂ ਵਿਚ ਮਹਿਤਾਬ ਸਿੰਘ ਧੜੇ ਨੂੰ 120 ਸੀਟਾਂ ਵਿੱਚੋਂ ਸਿਰਫ਼ 26 ਸੀਟਾਂ ਹੀ ਮਿਲੀਆਂ। 'ਸੈਂਟਰਲ ਬੋਰਡ' ਦੀ ਪਹਿਲੀ ਮੀਟਿੰਗ 14 ਸਤੰਬਰ 1926 ਦੇ ਦਿਨ ਹੋਈ। ਅਕਾਲੀ ਦਲ ਦੇ ਸ: ਮੰਗਲ ਸਿੰਘ 82 ਵੋਟਾਂ ਲੈ ਕੇ ਸ: ਬ: ਮਹਿਤਾਬ ਸਿੰਘ ਗਰੁੱਪ ਦੇ ਸ: ਜੋਗਿੰਦਰ ਸਿੰਘ ਨੂੰ 29 ਵੋਟਾਂ 'ਤੇ ਹਰਾ ਕੇ 'ਸੈਂਟਰਲ ਬੋਰਡ' ਦੇ ਪ੍ਰਧਾਨ ਚੁਣੇ ਗਏ।

27 ਸਤੰਬਰ 1926 ਨੂੰ ਮਾਸਟਰ ਤਾਰਾ ਸਿੰਘ ਅਤੇ ਬਾਕੀ ਲੀਡਰ, ਜੋ ਲਾਹੌਰ ਕਿਲ੍ਹੇ ਵਿਚ ਨਜ਼ਰਬੰਦ ਸਨ, ਨੂੰ ਵੀ ਰਿਹਾ ਕਰ ਦਿੱਤਾ ਗਿਆ। 'ਸੈਂਟਰਲ ਬੋਰਡ' ਦੀ ਅਗਲੀ ਮੀਟਿੰਗ 2 ਅਕਤੂਬਰ 1926 ਦੇ ਦਿਨ ਹੋਈ। ਇਸ ਦਿਨ ਨਾਮਜ਼ਦ ਮੈਂਬਰ ਸ: ਹਜ਼ਾਰਾ ਸਿੰਘ ਜਾਮਾਰਾਏ ਨੇ ਅਸਤੀਫ਼ਾ ਦੇ ਕੇ ਮਾਸਟਰ ਤਾਰਾ ਸਿੰਘ ਵਾਸਤੇ ਆਪਣੀ ਸੀਟ ਖ਼ਾਲੀ ਕਰ ਦਿੱਤੀ। ਇਸ ਮਗਰੋਂ ਪ੍ਰਧਾਨ ਦੀ ਚੋਣ ਹੋਈ। ਬਾਬਾ ਖੜਕ ਸਿੰਘ ਪ੍ਰਧਾਨ ਅਤੇ ਮਾਸਟਰ ਤਾਰਾ ਸਿੰਘ ਮੀਤ ਪ੍ਰਧਾਨ ਚੁਣੇ ਗਏ। ਇਸੇ ਦਿਨ 'ਸੈਂਟਰਲ ਬੋਰਡ' ਨੇ ਇਕ ਮਤੇ ਰਾਹੀਂ ਆਪਣਾ ਨਾਂ 'ਸੈਂਟਰਲ ਬੋਰਡ' ਤੋਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖ ਲਿਆ। ਸਰਕਾਰ ਨੇ 17 ਫਰਵਰੀ 1927 ਦੇ ਦਿਨ ਇਹ ਨਾਂ ਮਨਜ਼ੂਰ ਕਰ ਲਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਾਲੇ ਗਰੁੱਪ ਦੇ ਕਾਬਜ਼ ਹੋਣ ਨਾਲ ਸਿੱਖ ਸਿਆਸਤ ਵਿਚ ਬੜਾ ਵੱਡਾ ਇਨਕਲਾਬ ਆਇਆ। 1919 ਵਿਚ ਬਣੀ ਸਿੱਖ ਲੀਗ, ਜੋ 1920 ਦੇ ਅਖ਼ੀਰ ਵਿਚ ਆਪਣੀ ਥਾਂ ਸਿੱਖਾਂ ਵਿੱਚੋਂ ਗਵਾ ਚੁੱਕੀ ਸੀ, ਦੀ ਥਾਂ ਅਕਾਲੀ ਦਲ ਨੇ ਲੈ ਲਈ। 1920 ਤੋਂ 1925 ਤੱਕ ਗੁਰਦੁਆਰਾ ਸੁਧਾਰ ਲਹਿਰ ਚਲਦੀ ਰਹੀ। ਇਸ ਦੌਰਾਨ ਸਿੱਖਾਂ ਦੀ ਸਿਆਸੀ ਕਾਰਵਾਈ ਗੁਰਦੁਆਰਾ ਸੁਧਾਰ ਤਕ ਹੀ ਮਹਿਦੂਦ ਰਹੀ 1926 ਤੋਂ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਅਕਾਲੀ ਗਰੁੱਪ ਸਿਆਸੀ ਤੌਰ 'ਤੇ ਵੀ ਜਥੇਬੰਦ ਹੋਣ ਲੱਗ ਪਿਆ।

1927 ਵਿਚ ਸਿੱਖ ਸਿਆਸਤ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਨੇ ਸੰਭਾਲ ਲਈ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਸਨ, ਕਿਉਂਕਿ ਉਹ ਜੇਲ੍ਹ ਵਿਚ ਸਨ ਇਸ ਕਰ ਕੇ ਸਿੱਖ ਕੌਮ ਦੀ ਵਾਗਡੋਰ ਮਾਸਟਰ ਤਾਰਾ ਸਿੰਘ ਦੇ ਹੱਥ ਵਿਚ ਹੀ ਸੀ।

ਮਾਸਟਰ ਜੀ 1927 ਤੋਂ 1967 ਤੱਕ ਸਿੱਖ ਕੌਮ ਦੇ ਸਭ ਤੋਂ ਵੱਧ ਮਕਬੂਲ ਆਗੂ ਰਹੇ। 1928 ਵਿਚ ਜਦੋਂ ਸਾਈਮਨ ਕਮਿਸ਼ਨ ਭਾਰਤ ਆਇਆ ਤਾਂ ਉਸ ਦੇ ਖ਼ਿਲਾਫ਼ ਮੁਜ਼ਾਹਰੇ ਕਰਨ ਵਾਲਿਆਂ ਵਿਚ ਮਾਸਟਰ ਤਾਰਾ ਸਿੰਘ ਸਭ ਤੋਂ ਅੱਗੇ

Sri Satguru Jagjit Singh Ji eLibrary NamdhariElibrary@gmail.com

ਸਨ। ਉਸ ਵਕਤ ਪੰਜਾਬ ਦੀ ਸਾਰੀ ਸਿਆਸੀ ਕਾਰਵਾਈ ਵਧੇਰੇ ਕਰ ਕੇ ਸਿੱਖ ਹੀ ਚਲਾ ਰਹੇ ਸਨ। ਪਰ 1928 ਵਿਚ, ਜਦੋਂ ਮੋਤੀ ਲਾਲ ਨਹਿਰੂ ਦੀ ਅਗਵਾਈ ਵਾਲੀ ਕਮੇਟੀ ਦੇ ਪਾਰਲੀਮੈਂਟ ਅਤੇ ਅਸੈਂਬਲੀਆਂ ਦੀਆਂ ਚੋਣਾਂ ਵਿਚ ਵੱਖ ਵੱਖ ਫ਼ਿਰਕਿਆਂ ਵਾਸਤੇ ਸੀਟਾਂ ਦੀ ਵੰਡ ਦਾ ਫ਼ੈਸਲਾ ਕਰਨ ਵਾਸਤੇ ਰਿਪੋਰਟ ਪੇਸ਼ ਕੀਤੀ, ਤਾਂ ਉਸ ਵਿਚ ਸਿੱਖਾਂ ਨਾਲ ਜ਼ਿਆਦਤੀ ਹੋਈ। ਇਸ ਨਾਲ ਪੰਜਾਬ ਦੀ ਸਿਆਸਤ ਵਿਚ ਇਕ ਨਵਾਂ ਧਮਾਕਾ ਹੋਇਆ। ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਅਕਾਲੀ ਦਲ ਤੇ ਹੋਰ ਸਿੱਖ ਜਥੇਬੰਦੀਆਂ ਨੇ ਨਹਿਰੂ ਰਿਪੋਰਟ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਮਾਸਟਰ ਤਾਰਾ ਸਿੰਘ ਉਸ ਵੇਲੇ ਕਾਂਗਰਸ ਪਾਰਟੀ ਦੇ ਵੱਡੇ ਹਮਦਰਦ ਗਿਣੇ ਜਾਂਦੇ ਸਨ ਤੇ ਉਹੀ ਮੋਤੀ ਲਾਲ ਨਹਿਰੂ ਰਿਪੋਰਟ ਦੇ ਸਭ ਤੋਂ ਵੱਧ ਖ਼ਿਲਾਫ਼ ਸਨ। 1928 ਦਾ ਸਾਰਾ ਸਾਲ ਨਹਿਰੂ ਰਿਪੋਰਟ ਵਿਚ ਸਿੱਖਾਂ ਨਾਲ ਕੀਤੇ ਧੱਕੇ ਦੇ ਖ਼ਿਲਾਫ਼ ਸਰਗਰਮੀਆਂ ਚਲਦੀਆਂ ਰਹੀਆਂ। ਦਸੰਬਰ 1928 ਵਿਚ ਕਲਕਤੇ ਵਿਚ ਹੋਈ ਆਲ ਪਾਰਟੀ ਕਨਵੈਨਸ਼ਨ ਵੀ ਜਦੋਂ ਸਿੱਖਾਂ ਨੂੰ ਇਨਸਾਫ਼ ਨਾ ਦੇ ਸਕੀ ਤਾਂ ਅਕਾਲੀ ਆਗੂਆਂ ਨੇ ਕਾਂਗਰਸ ਨਾਲੋਂ ਸਬੰਧ ਤੋੜ ਲੈਣ ਦਾ ਐਲਾਨ ਕਰ ਦਿੱਤਾ। 1929 ਦੇ ਆਖ਼ਰੀ ਦਿਨਾਂ ਵਿਚ ਕਾਂਗਰਸ ਪਾਰਟੀ ਨੇ ਆਪਣਾ ਇਜਲਾਸ ਲਾਹੌਰ ਵਿਚ ਰੱਖ ਲਿਆ। ਉਨ੍ਹਾਂ ਦਿਨਾਂ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣੀ ਕਾਨਫ਼ਰੰਸ ਲਾਹੌਰ ਵਿਚ ਹੀ ਰੱਖ ਲਈ। ਕਾਂਗਰਸ ਦੇ ਮੁਕਾਬਲੇ ਵਿਚ ਅਕਾਲੀ ਕਾਨਫ਼ਰੰਸ ਵਿਚ ਕਈ ਗੁਣਾ ਜ਼ਿਆਦਾ ਲੋਕ ਸ਼ਾਮਲ ਹੋਏ। ਇਸ ਇਕੱਠ ਨੂੰ ਵੇਖ ਕੇ ਮੋਤੀ ਲਾਲ ਨਹਿਰੂ ਅਤੇ ਗਾਂਧੀ ਘਬਰਾ ਗਏ। ਮੋਤੀ ਲਾਲ, ਗਾਂਧੀ ਤੇ ਕਈ ਹੋਰ ਹਿੰਦੂ ਆਗੂ ਅਕਾਲੀ ਦਲ ਦੇ ਦਫ਼ਤਰ ਪੁੱਜੇ ਅਤੇ ਉਨ੍ਹਾਂ ਨੇ ਅਕਾਲੀਆਂ ਨਾਲ ਸਮਝੌਤਾ ਕਰ ਲਿਆ। ਕਾਂਗਰਸ ਪਾਰਟੀ ਨੇ ਸਿੱਖਾਂ ਨੂੰ ਯਕੀਨ ਦਿਵਾਇਆ ਕਿ ਕਾਂਗਰਸ ਅੱਗੇ ਤੋਂ ਕੋਈ ਐਸਾ ਫ਼ੈਸਲਾ ਨਹੀਂ ਕਰੇਗੀ ਜਿਹੜਾ ਸਿੱਖਾਂ ਨੂੰ ਮਨਜ਼ੂਰ ਨਾ ਹੋਵੇ।

1930 ਵਿਚ ਕਾਂਗਰਸ ਨੇ ਸਿਵਲ ਨਾ-ਫੁਰਮਾਨੀ ਲਹਿਰ ਚਲਾਈ। ਇਸ ਲਹਿਰ ਦੌਰਾਨ ਪਿਸ਼ਾਵਰ ਵਿਚ ਇਕ ਜਲੂਸ ਨਿਕਲਿਆ। ਜਲੂਸ ਵਾਲੇ ਦਿਨ ਪੁਲਿਸ ਨੇ ਪਿਸ਼ਾਵਰ ਦੇ ਇਕ ਬਜ਼ਾਰ ਵਿਚ ਟਾਂਗੇ ਵਿਚ ਜਾ ਰਹੇ ਇਕ ਬੇਗੁਨਾਹ ਸਿੱਖ ਪਰਿਵਾਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਪਿਸ਼ਾਵਰ ਦੇ ਪਠਾਣਾਂ ਨੇ ਪੁਲਿਸ ਵੱਲੋਂ ਮਾਰੇ ਗਏ ਸਿੱਖਾਂ ਦੀਆਂ ਲਾਸ਼ਾਂ ਦਾ ਜਲੂਸ ਕੱਢਿਆ। ਪੁਲਿਸ ਨੇ ਇਸ ਜਲੂਸ 'ਤੇ ਗੋਲੀਆਂ ਚਲਾਈਆਂ ਅਤੇ ਕਈ ਪਠਾਣ ਮਾਰ ਦਿਤੇ। ਜਦੋਂ ਇਸ ਦੀ ਖ਼ਬਰ ਅੰਮ੍ਰਿਤਸਰ ਪੁੱਜੀ ਤਾਂ ਮਾਸਟਰ ਤਾਰਾ ਸਿੰਘ ਨੇ ਪਠਾਣਾਂ ਦੀ ਹਮਦਰਦੀ ਵਿਚ ਇਕ ਜਥਾ ਪਿਸ਼ਾਵਰ ਲੈ ਕੇ ਜਾਣ ਦਾ ਐਲਾਨ ਕਰ ਦਿੱਤਾ। ਇਹ ਜਥਾ 10 ਮਈ 1930 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰ ਕੇ ਟੁਰਿਆ। ਪਿਸ਼ਾਵਰ ਜਾਂਦਿਆਂ ਰਸਤੇ ਵਿਚ ਜੇਹਲਮ ਦੇ ਨੇੜੇ ਦੀਨਾ ਪਿੰਡ ਕੋਲ ਪੁਲਿਸ ਨੇ ਜਥੇ ਨੂੰ ਰੋਕ ਕੇ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਮਾਸਟਰ ਜੀ ਦੇ ਇਸ ਕਦਮ ਨੇ ਸਿੱਖਾਂ ਅਤੇ ਪਠਾਣਾਂ

Sri Satguru Jagjit Singh Ji eLibrary NamdhariElibrary@gmail.com

ਵਿਚਕਾਰ ਸੌ ਸਾਲ ਪੁਰਾਣੀ ਨਫ਼ਰਤ ਖ਼ਤਮ ਕਰਨ ਵਿਚ ਰੋਲ ਅਦਾ ਕੀਤਾ।

1930 ਵਿਚ ਬਰਤਾਨਵੀ ਸਰਕਾਰ ਨੇ ਭਾਰਤੀਆਂ ਦੇ ਮਸਲਿਆਂ 'ਤੇ ਵਿਚਾਰ ਕਰਨ ਵਾਸਤੇ ਲੰਡਨ ਵਿਚ ਇਕ 'ਰਾਊਂਡ ਟੇਬਲ' ਕਾਨਫ਼ਰੰਸ ਬੁਲਾਈ। ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨੇ ਇਸ ਕਾਨਫ਼ਰੰਸ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ। ਬਰਤਾਨਵੀ ਸਰਕਾਰ ਨੇ ਮਾਸਟਰ ਜੀ ਦੇ ਨਾਂ ਵਾਲੇ, ਪਟਿਆਲਾ ਹਾਈ ਕੋਰਟ ਦੇ ਇਕ ਜੱਜ, ਤਾਰਾ ਸਿੰਘ ਨੂੰ ਲੰਡਨ ਲਿਜਾ ਕੇ ਸਿੱਖਾਂ ਦੀ ਨੁਮਾਇੰਦਗੀ ਕਰਵਾਉਣ ਦੀ ਕੋਸ਼ਿਸ਼ ਕੀਤੀ। ਮਾਰਚ 1931 ਵਿਚ ਗਾਂਧੀ ਅਤੇ ਅੰਗਰੇਜ਼ਾਂ ਵਿਚ ਸਮਝੌਤਾ ਹੋ ਗਿਆ। ਇਸ ਮਗਰੋਂ ਇਕ ਹੋਰ ਗੋਲਮੇਜ਼ ਕਾਨਫ਼ਰੰਸ ਕਰਨ ਦਾ ਐਲਾਨ ਕੀਤਾ ਗਿਆ। ਸਿੱਖਾਂ ਵੱਲੋਂ ਮਾਸਟਰ ਤਾਰਾ ਸਿੰਘ ਨੂੰ ਇਸ ਕਾਨਫ਼ਰੰਸ ਵਿਚ ਨੁਮਾਇੰਦਾ ਬਣਾਇਆ ਗਿਆ।

1932 ਵਿਚ ਬਰਤਾਨਵੀ ਸਰਕਾਰ ਨੇ ਲੈਜਿਸਲੇਟਿਵ ਕੌਂਸਲਾਂ ਵਿਚ ਵੱਖ-ਵੱਖ ਕੌਮਾਂ ਦੀਆਂ ਸੀਟਾਂ ਦਾ ਫ਼ੈਸਲਾ ਕਰਨ ਵਾਸਤੇ ਇਕ ਐਲਾਨ ਜਾਰੀ ਕੀਤਾ (ਜਿਸ ਨੂੰ ਮਗਰੋਂ "ਫ਼ਿਰਕੂ ਫ਼ੈਸਲੇ" ਦੇ ਤੌਰ 'ਤੇ ਜਾਣਿਆ ਗਿਆ) ਇਸ 'ਫਿਰਕੂ ਫ਼ੈਸਲੇ' ਵਿਚ ਸਿੱਖ ਹੱਕਾਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਸੀ। ਸਿੱਖਾਂ ਨੇ ਇਸ 'ਫ਼ੈਸਲੇ' ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਇਸ ਮੁਹਿੰਮ ਦੀ ਅਗਵਾਈ ਮਾਸਟਰ ਤਾਰਾ ਸਿੰਘ ਨੇ ਕੀਤੀ ਪਰ, ਸਿੱਖ ਇਸ "ਫ਼ੈਸਲੇ" ਵਿਚ ਕੋਈ ਤਬਦੀਲੀ ਨਾ ਲਿਆ ਸਕੇ। ਇਸ ਮਗਰੋਂ ਅਕਾਲੀ ਦਲ ਵਿਚ ਜ਼ਬਰਦਸਤ ਫੁੱਟ ਪੈ ਗਈ। ਸਿੱਖਾਂ ਦੇ ਵੱਖ-ਵੱਖ ਧੜੇ ਇਕ ਦੂਜੇ ਦੇ ਖ਼ਿਲਾਫ਼ ਪ੍ਰਾਪੇਗੰਡਾ ਕਰਨ ਲੱਗ ਪਏ। ਇਸ ਹਾਲਤ ਨੂੰ ਸਾਹਮਣੇ ਰੱਖ ਕੇ ਕੁਝ ਸਿੱਖ ਆਗੂਆਂ ਨੇ "ਗੁਰਸੇਵਕ ਸਭਾ" ਨਾਂ ਦੀ ਜਥੇਬੰਦੀ ਬਣਾ ਲਈ। "ਗੁਰਸੇਵਕ ਸਭਾ" ਨੇ ਵੱਖ-ਵੱਖ ਧੜਿਆਂ ਵਿਚ ਏਕਤਾ ਕਰਵਾਉਣ ਦੀ ਸੰਜੀਦਾ ਕੋਸ਼ਿਸ਼ ਕੀਤੀ ਪਰ ਬਹੁਤੀ ਕਾਮਯਾਬੀ ਹਾਸਿਲ ਨਾ ਕਰ ਸਕੇ। 1935 ਵਿਚ ਬਾਬਾ ਵਿਸਾਖਾ ਸਿੰਘ ਦਦੇਹਰ ਨੇ ਸਾਲਸੀ ਕਰਨ ਦੀ ਕੋਸ਼ਿਸ਼ ਕੀਤੀ ਪਰ ਇਸ ਕੋਸ਼ਿਸ਼ ਦੇ ਰਾਹ ਵਿਚ ਵੀ ਰੁਕਾਵਟਾਂ ਖੜ੍ਹੀਆਂ ਹੋ ਗਈਆਂ। 1936 ਵਿਚ ਗੁਰਦੁਆਰਾ ਚੋਣਾਂ ਹੋਣ ਵਾਲੀਆਂ ਸਨ। ਦੋਹਾਂ ਮੁੱਖ ਧੜਿਆਂ ਨੇ ਬਾਬਾ ਵਿਸਾਖਾ ਸਿੰਘ ਅਤੇ ਬਾਬਾ ਸੋਹਨ ਸਿੰਘ ਭਕਨਾ ਨੂੰ ਹੱਕ ਦੇ ਦਿੱਤਾ ਕਿ ਆਉਣ ਵਾਲੀਆਂ ਚੋਣਾਂ ਵਿਚ ਉਮੀਦਵਾਰਾਂ ਦਾ ਐਲਾਨ ਕਰਨ। ਬਾਬਾ ਜੀ ਨੇ ਦੋਹਾਂ ਧੜਿਆਂ ਦੇ ਜਿਨ੍ਹਾਂ ਦੋ ਦਰਜਨ ਆਗੂਆਂ ਨੂੰ ਟਿਕਟਾਂ ਨਾ ਦਿੱਤੀਆਂ, ਉਨ੍ਹਾਂ ਵਿਚ ਮਾਸਟਰ ਤਾਰਾ ਸਿੰਘ ਜੀ ਵੀ ਸ਼ਾਮਿਲ ਸਨ। ਚੋਣਾਂ ਮਗਰੋਂ ਮਾਸਟਰ ਜੀ ਨੂੰ ਨਾਮਜ਼ਦ ਮੈਂਬਰ ਵਜੋਂ ਚੁਣ ਲਿਆ ਗਿਆ। ਮਾਸਟਰ ਜੀ ਫੇਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ।

ਇਸੇ ਦੌਰਾਨ ਗੁਰਦੁਆਰਾ ਸ਼ਹੀਦ-ਗੰਜ ਦਾ ਮਸਲਾ ਵੀ ਉਠ ਪਿਆ। ਮੁਸਲਮਾਨ ਗੁਰਦੁਆਰਾ ਸ਼ਹੀਦ-ਗੰਜ ਨੂੰ ਮਸਜਿਦ ਕਰਾਰ ਦਿਵਾ ਕੇ ਉਸ ਉੱਤੇ ਕਬਜ਼ਾ ਕਰਨਾ ਚਾਹੁੰਦੇ ਸਨ ਪਰ ਸ਼੍ਰੋਮਣੀ ਅਕਾਲੀ ਦਲ ਅਤੇ ਬਾਕੀ ਸਿੱਖ ਜਥੇਬੰਦੀਆਂ ਨੇ ਮੁਸਲਮਾਨਾਂ ਦੀ ਇਹ ਚਾਲ ਕਾਮਯਾਬ ਨਾ ਹੋਣ ਦਿੱਤੀ। ਜਦੋਂ ਮੁਸਲਮਾਨਾਂ

Sri Satguru Jagjit Singh Ji eLibrary NamdhariElibrary@gmail.com

ਨੇ ਇਸ ਸਵਾਲ 'ਤੇ ਐਜੀਟੇਸ਼ਨ ਸ਼ੁਰੂ ਕੀਤੀ ਤਾਂ ਅਕਾਲੀ ਦਲ ਨੇ ਵੀ ਇਸ ਦੇ ਮੁਕਾਬਲੇ 'ਤੇ ਐਜੀਟੇਸ਼ਨ ਕਰਨ ਦਾ ਐਲਾਨ ਕਰ ਦਿੱਤਾ। ਇਸ ਦੌਰਾਨ ਸਰਕਾਰ ਨੇ "ਕਿਰਪਾਨ" 'ਤੇ ਪਾਬੰਦੀ ਲਾ ਦਿੱਤੀ। ਸਿੱਖਾਂ ਨੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਕਿਰਪਾਨ 'ਤੇ ਪਾਬੰਦੀ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ। ਅਖ਼ੀਰ ਇਕ ਮਹੀਨੇ ਮਗਰੋਂ ਇਹ ਮੋਰਚਾ ਜਿੱਤਿਆ ਗਿਆ।

ਇਨ੍ਹਾਂ ਦਿਨਾਂ ਵਿਚ ਭਾਰਤੀਆਂ ਨੂੰ ਵਧੇਰੇ ਸਿਆਸੀ ਹੱਕ ਦੇਣ ਵਾਸਤੇ ਚਰਚਾ ਸ਼ੁਰੂ ਹੋ ਗਈ। ਇਸ ਸਬੰਧ ਵਿਚ ਬਰਤਾਨੀਆਂ ਤੋਂ ਸਰ ਸਟੈਫ਼ਰਡ ਕਰਿਪਸ ਨਾਂ ਦਾ ਵਜ਼ੀਰ ਆਪਣੇ ਸਾਥੀਆਂ ਨਾਲ ਭਾਰਤ ਪੁੱਜਿਆ ਅਤੇ ਸਾਰੀਆਂ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ। ਉਹ ਮਾਸਟਰ ਜੀ ਅਤੇ ਹੋਰ ਸਿੱਖ ਆਗੂਆਂ ਨੂੰ ਵੀ ਮਿਲਿਆ। ਮਾਸਟਰ ਜੀ ਨੇ ਸਿੱਖਾਂ ਦੇ ਹੱਕਾਂ ਦੇ ਕੇਸ ਨੂੰ ਬੜੀ ਸੂਝ ਨਾਲ ਪੇਸ਼ ਕੀਤਾ। ਕਰਿਪਸ ਮਿਸ਼ਨ ਭਾਵੇਂ ਕੋਈ ਵਧੀਆ ਫੈਸਲਾ ਨਾ ਦੇ ਸਕਿਆ ਪਰ ਇਸ ਤੋਂ ਇਹ ਭਾਸਣ ਲੱਗ ਪਿਆ ਸੀ ਕਿ ਕਿਸੇ ਵੇਲੇ ਬਰਤਾਨੀਆਂ ਭਾਰਤ ਨੂੰ ਆਜ਼ਾਦ ਕਰ ਦੇਵੇਗਾ। ਇਸ ਗੱਲ ਨੂੰ ਭਾਂਪਦਿਆਂ ਮਾਸਟਰ ਜੀ ਨੇ "ਆਜ਼ਾਦ ਪੰਜਾਬ" ਦਾ ਨਾਅਰਾ ਲਾਇਆ। "ਆਜ਼ਾਦ ਪੰਜਾਬ" ਦਾ ਮਤਲਬ ਇਹ ਸੀ ਕਿ ਪੰਜਾਬ ਵਿਚਲੇ ਕੁਝ ਜ਼ਿਲ੍ਹੇ ਵੱਖਰੇ ਕਰ ਕੇ ਇਸ ਨੂੰ ਇਕ ਆਜ਼ਾਦ ਸੂਬਾ ਬਣਾ ਦਿੱਤਾ ਜਾਵੇ। ਇਸ ਨਵੇਂ ਸੂਬੇ ਵਿਚ 40 ਫ਼ੀਸਦੀ ਮੁਸਲਮਾਨ, 40 ਫ਼ੀਸਦੀ ਹਿੰਦੂ ਅਤੇ 20 ਫ਼ੀਸਦੀ ਸਿੱਖ ਹੋਣੇ ਸਨ। ਇਸ ਤੋਂ ਮਾਸਟਰ ਜੀ ਦਾ ਮਕਸਦ ਇਹੀ ਸੀ ਕਿ ਪਾਸਕੂ ਹਮੇਸ਼ਾਂ ਸਿੱਖਾਂ ਦਾ ਹੋਵੇਗਾ ਅਤੇ ਹਿੰਦੂ ਜਾਂ ਮੁਸਲਮਾਨ ਸਿੱਖਾਂ ਨਾਲ ਜ਼ਿਆਦਤੀ ਨਹੀਂ ਕਰ ਸਕਣਗੇ। ਮਾਸਟਰ ਜੀ ਦੀ ਇਹ ਸਕੀਮ ਸਿੱਖ ਕੌਮ ਦੇ ਭਲੇ ਵਿਚ ਸੀ। ਇਸ ਦੀ ਮੁਖ਼ਾਲਫ਼ਤ ਮੁਸਲਮਾਨਾਂ ਨੇ ਤਾਂ ਕਰਨੀ ਹੀ ਸੀ ਪਰ ਕੁਝ ਸਿੱਖਾਂ ਨੇ ਵੀ ਇਸ ਦੀ ਬਹੁਤ ਮੁਖ਼ਾਲਫ਼ਤ ਕੀਤੀ। ਇਸ ਦਾ ਨਤੀਜਾ ਇਹ ਹੋਇਆ ਕਿ ਸਿੱਖਾਂ ਵਿਚ ਬੜੀ ਜ਼ਬਰਦਸਤ ਫੁੱਟ ਪੈ ਗਈ, ਜਿਸ ਨਾਲ ਅਕਾਲੀ ਦਲ ਅਤੇ ਸਮੁੱਚੀ ਕੌਮ ਦਾ ਬੜਾ ਨੁਕਸਾਨ ਹੋਇਆ। ਭਾਵੇਂ ਆਜ਼ਾਦ ਪੰਜਾਬ ਸਕੀਮ ਕਾਮਯਾਬ ਨਾ ਹੋਈ ਪਰ ਇਹ ਯਕੀਨੀ ਹੋ ਗਿਆ ਸੀ ਕਿ ਸਿੱਖਾਂ ਦਾ ਮਸਲਾ ਹੱਲ ਕੀਤੇ ਬਿਨਾਂ ਭਾਰਤ ਦੇ ਭਵਿੱਖ ਬਾਰੇ ਕੋਈ ਫ਼ੈਸਲਾ ਨਹੀਂ ਕੀਤਾ ਜਾ ਸਕੇਗਾ।

1946 ਵਿਚ ਬਰਤਾਨਵੀ ਸਰਕਾਰ ਨੇ ਭਾਰਤ ਨੂੰ ਆਜ਼ਾਦੀ ਦੇਣ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਸਬੰਧ ਵਿਚ ਵੱਖ-ਵੱਖ ਪਾਰਟੀਆਂ ਦੀਆਂ ਕਈ ਮੀਟਿੰਗਾਂ ਹੋਣੀਆਂ ਸ਼ੁਰੂ ਹੋ ਗਈਆਂ। ਇਨ੍ਹੀਂ ਦਿਨੀਂ ਸਰਕਾਰ ਵੱਲੋਂ ਇਕ ਸਾਂਝੀ ਮੀਟਿੰਗ ਸ਼ਿਮਲੇ ਵਿਚ ਵੀ ਕਰਨ ਦਾ ਐਲਾਨ ਕੀਤਾ ਗਿਆ। ਇਸ "ਸ਼ਿਮਲਾ ਕਾਨਫ਼ਰੰਸ" ਵਿਚ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਸਤੇ ਮਾਸਟਰ ਤਾਰਾ ਸਿੰਘ ਜੀ ਨੂੰ ਚੁਣਿਆ ਗਿਆ।

ਭਾਵੇਂ ਸਾਰੀਆਂ ਪਾਰਟੀਆਂ ਆਪਸ ਵਿਚ ਮਿਲ ਕੇ ਕੋਈ ਫ਼ੈਸਲਾ ਨਾ ਕਰ ਸਕੀਆਂ ਪਰ ਬਰਤਾਨਵੀ ਸਰਕਾਰ ਨੇ ਹਿੰਦੂਸਤਾਨ ਨੂੰ ਦੋ ਹਿੱਸਿਆਂ ਵਿਚ ਵੰਡ ਕੇ

Sri Satguru Jagjit Singh Ji eLibrary NamdhariElibrary@gmail.com

ਭਾਰਤ ਛੱਡ ਜਾਣ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਵਿਚ ਸਿੱਖਾਂ ਵਾਸਤੇ ਕੋਈ ਜਗ੍ਹਾ ਨਹੀਂ ਸੀ। ਸਿੱਖਾਂ ਦੀ ਅੱਧੀ ਆਬਾਦੀ ਹਿੰਦੁਸਤਾਨ ਵਿਚ ਅਤੇ ਅੱਧੀ ਪਾਕਿਸਤਾਨ ਵਿਚ ਰਹਿ ਜਾਂਦੀ ਸੀ। ਮਾਸਟਰ ਜੀ ਨੇ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਇਸ ਸਬੰਧ ਵਿਚ ਇਕ "ਕੌਂਸਲ ਆਫ਼ ਐਕਸ਼ਨ" ਬਣਾਈ ਗਈ, ਜਿਸ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂ ਸ਼ਾਮਿਲ ਕੀਤੇ ਗਏ ਸਨ। ਇਸ ਮੌਕੇ 'ਤੇ ਕਾਂਗਰਸ ਪਾਰਟੀ ਨੇ ਸਿੱਖਾਂ ਨੂੰ ਲਾਲਚ ਦੇਣੇ ਸ਼ੁਰੂ ਕਰ ਦਿਤੇ ਅਤੇ ਵਾਇਦਾ ਕੀਤਾ ਕਿ ਜੇ ਸਿੱਖ ਭਾਰਤ ਨਾਲ ਰਹਿਣਾ ਮਨਜ਼ੂਰ ਕਰਨਗੇ ਤਾਂ ਉਨ੍ਹਾਂ ਨੂੰ "ਭਾਰਤ ਦੇ ਉਤਰ ਵਿਚ ਇਕ ਅਜਿਹਾ ਇਲਾਕਾ ਦਿੱਤਾ ਜਾਵੇਗਾ, ਜਿਸ ਵਿਚ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣਗੇ।"

15 ਅਗਸਤ 1947 ਨੂੰ ਭਾਰਤ ਆਜ਼ਾਦ ਹੋ ਗਿਆ। ਅਜ਼ਾਦੀ ਤੋਂ ਪੌਣੇ ਦੋ ਮਹੀਨੇ ਬਾਅਦ ਪੰਜਾਬ ਦੇ ਗਵਰਨਰ ਨੇ ਇਕ ਸਰਕੂਲਰ ਜਾਰੀ ਕਰ ਕੇ ਸਿੱਖਾਂ ਨੂੰ "ਜਰਾਇਮ ਪੇਸ਼ਾ" ਕਰਾਰ ਦੇ ਦਿੱਤਾ। ਜਦੋਂ ਇਸ ਸਰਕੂਲਰ ਦਾ ਪਤਾ ਮਾਸਟਰ ਤਾਰਾ ਸਿੰਘ ਜੀ ਨੂੰ ਲੱਗਾ ਤਾਂ ਉਨ੍ਹਾਂ ਨੇ ਇਸ ਦੇ ਖ਼ਿਲਾਫ਼ ਬਹੁਤ ਰੌਲਾ ਪਾਇਆ।

ਇਹ ਸਾਰਾ ਕੁਝ ਵੇਖ ਕੇ ਮਾਸਟਰ ਜੀ ਨੇ ਭਾਂਪ ਲਿਆ ਸੀ ਕਿ ਭਾਰਤ ਦੇ ਹਿੰਦੂ ਆਗੂ ਸਿੱਖਾਂ ਦਾ ਵਜੂਦ ਤੇ ਪਛਾਣ ਖ਼ਤਮ ਕਰਨਾ ਚਾਹੁੰਦੇ ਸਨ। ਮਾਸਟਰ ਜੀ ਨੇ ਸਿੱਖੀ ਨੂੰ ਬਚਾਉਣ ਲਈ ਜਦੋਜਹਿਦ ਕਰਨ ਦਾ ਤਹੱਈਆ ਕਰ ਲਿਆ। ਇਸ ਮਕਸਦ ਵਾਸਤੇ ਉਨ੍ਹਾਂ ਨੇ ਸਭ ਤੋਂ ਪਹਿਲਾ ਕਦਮ ਦਿੱਲੀ ਵਿਚ ਇਕ ਕਾਨਫ਼ਰੰਸ ਕਰਨ ਦਾ ਸੋਚਿਆ। ਉਨ੍ਹਾਂ ਨੇ 20 ਫਰਵਰੀ 1949 ਦੇ ਦਿਨ ਦਿੱਲੀ ਵਿਚ ਇਕ ਪੰਥਕ ਕਾਨਫ਼ਰੰਸ ਕਰਨ ਦਾ ਐਲਾਨ ਕੀਤਾ। ਭਾਰਤ ਸਰਕਾਰ ਨੇ ਇਸ ਕਾਨਫ਼ਰੰਸ 'ਤੇ ਪਾਬੰਦੀ ਲਾ ਦਿੱਤੀ। ਮਾਸਟਰ ਜੀ ਨੇ ਐਲਾਨ ਕੀਤਾ ਕਿ ਅਸੀਂ ਕਾਨਫ਼ਰੰਸ ਜ਼ਰੂਰ ਕਰਾਂਗੇ। ਅਖ਼ੀਰ ਮਾਸਟਰ ਜੀ ਸਿਆਸੀ ਕਾਨਫ਼ਰੰਸ ਦੀ ਬਜਾਏ ਨਾਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਧਾਰਮਿਕ ਦੀਵਾਨ ਕਰਨਾ ਮੰਨ ਗਏ। ਇਸ ਦੇ ਬਾਵਜੂਦ ਸਰਕਾਰ ਨੇ ਇਸ ਦੀਵਾਨ 'ਤੇ ਪਾਬੰਦੀ ਲਾ ਦਿੱਤੀ। ਮਾਸਟਰ ਜੀ ਨੂੰ ਦਿੱਲੀ ਜਾਂਦਿਆਂ, ਪੰਜਾਬ ਦੀ ਸਰਹੱਦ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਅਜ਼ਾਦ ਭਾਰਤ ਵਿਚ ਇਹ ਮਾਸਟਰ ਜੀ ਦੀ ਪਹਿਲੀ ਗ੍ਰਿਫ਼ਤਾਰੀ ਸੀ।

26 ਫਰਵਰੀ 1949 ਨੂੰ ਭਾਰਤ ਦਾ ਨਵਾਂ ਆਈਨ ਪਾਸ ਕਰ ਦਿੱਤਾ ਗਿਆ। ਇਹ ਆਈਨ ਸਿੱਖਾਂ ਨੂੰ ਖ਼ਾਸ ਵੱਖਰੇ ਹਕੂਕ ਨਹੀਂ ਸੀ ਦੇਂਦਾ। ਕਾਂਗਰਸ ਪਾਰਟੀ ਨੇ ਅਜ਼ਾਦੀ ਤੋਂ ਪਹਿਲਾਂ ਸਿੱਖਾਂ ਨਾਲ ਜੋ ਵਾਇਦੇ ਕੀਤੇ ਸਨ, ਉਨ੍ਹਾਂ ਸਾਰਿਆਂ ਵਾਇਦਿਆਂ ਨੂੰ ਇਸ ਆਈਨ ਵਿਚ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ ਸੀ। ਮਾਸਟਰ ਤਾਰਾ ਸਿੰਘ ਜੀ ਨੇ ਆਈਨੀ ਅਸੈਂਬਲੀ ਦੇ ਸਿੱਖ ਨੁਮਾਇੰਦਿਆਂ ਨੂੰ ਆਖਿਆ ਕਿ ਉਹ ਇਸ ਆਈਨ 'ਤੇ ਦਸਤਖ਼ਤ ਨਾ ਕਰਨ।

ਇਨ੍ਹੀਂ ਦਿਨੀਂ ਭਾਰਤ ਸਰਕਾਰ ਨੇ ਐਲਾਨ ਕੀਤਾ ਗਿਆ ਹੈ ਆਈਨ ਵਿਚ ਲਿਖੇ ਪਛੜੀਆਂ ਜ਼ਾਤਾਂ ਨੂੰ ਮਿਲਣ ਵਾਲੇ ਹੱਕ ਸਿਰਫ਼ ਹਿੰਦੂ ਪਛੜੀਆਂ ਜ਼ਾਤਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਹੀ ਮਿਲਣਗੇ। ਇਸ ਨਾਲ ਲੱਖਾਂ ਸਿੱਖਾਂ, ਜੋ ਪਛੜੀਆਂ ਜ਼ਾਤਾਂ ਨਾਲ ਸਬੰਧਿਤ ਸਨ, ਦੇ ਸਿੱਖੀ ਛੱਡ ਕੇ ਹਿੰਦੂ ਬਣ ਜਾਣ ਦਾ ਖ਼ਤਰਾ ਸੀ। ਮਾਸਟਰ ਜੀ ਨੇ ਇਸ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਭਾਰਤ ਸਰਕਾਰ ਜਾਣਦੀ ਸੀ ਕਿ ਮਾਸਟਰ ਤਾਰਾ ਸਿੰਘ ਇਸ ਮੋਰਚੇ ਨਾਲ ਸਾਰੇ ਸਿੱਖ ਪੰਥ ਨੂੰ ਇਕੱਠਾ ਕਰ ਲੈਣਗੇ। ਇਸ ਕਰ ਕੇ ਇਸ ਤੋਂ ਪਹਿਲਾਂ ਕਿ ਮਾਸਟਰ ਜੀ ਜਥਾ ਲੈ ਕੇ ਦਿੱਲੀ ਪਹੁੰਚਦੇ, ਭਾਰਤ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਪੱਛੜੀਆਂ ਜ਼ਾਤਾਂ ਵਾਲਾ ਕਾਨੂੰਨ ਸਿਰਫ਼ ਹਿੰਦੂਆਂ ਤੇ ਹੀ ਨਹੀਂ ਹੋਰਨਾਂ ਤੇ ਵੀ ਲਾਗੂ ਹੋਵੇਗਾ।

ਸਿੱਖੀ ਬਚਾਉਣ ਦੀ ਜਦੋਜਹਿਦ ਦੇ ਇਕ ਪੜਾਅ ਵਜੋਂ ਮਾਸਟਰ ਜੀ ਨੇ 1950 ਵਿਚ "ਪੰਜਾਬੀ ਸੂਬਾ" ਬਣਾਉਣ ਦੀ ਮੰਗ ਕੀਤੀ। ਉਹ ਮਹਿਸੂਸ ਕਰਦੇ ਸਨ ਕਿ ਪੰਜਾਬੀ ਸੂਬਾ ਬਣਨ ਨਾਲ ਇਸ ਖਿੱਤੇ ਵਿਚ ਸਿੱਖਾਂ ਦੀ ਬਹੁਗਿਣਤੀ ਹੋ ਜਾਵੇਗੀ ਅਤੇ ਇੰਞ ਸਿੱਖ ਆਪਣੀ ਹੋਂਦ ਤੇ ਪਛਾਣ ਬਚਾ ਸਕਣ ਦੀਆਂ ਕੋਸ਼ਿਸ਼ਾਂ ਕਰ ਸਕਣਗੇ। ਮਾਸਟਰ ਜੀ ਨੇ 1954 ਦੀਆਂ ਗੁਰਦੁਆਰਾ ਚੋਣਾਂ ਪੰਜਾਬੀ ਸੂਬੇ ਦੇ ਨਾਅਰੇ ਤੇ ਲੜੀਆਂ। ਉਨ੍ਹਾਂ ਨੇ 112 ਸੀਟਾਂ ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਅਤੇ ਸਾਰਿਆਂ 'ਤੇ ਹੀ ਜਿੱਤ ਹਾਸਿਲ ਕੀਤੀ। ਜਨਵਰੀ 1955 ਵਿਚ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ਇਨ੍ਹਾਂ ਦਿਨਾਂ ਵਿਚ ਪੰਜਾਬ ਸਰਕਾਰ ਨੇ "ਪੰਜਾਬੀ ਸੂਬਾ ਜ਼ਿੰਦਾਬਾਦ" ਦੇ ਨਾਅਰੇ ਤੇ ਪਾਬੰਦੀ ਲਾ ਦਿੱਤੀ। ਮਾਸਟਰ ਜੀ ਨੇ ਇਸ ਪਾਬੰਦੀ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। 10 ਮਈ 1955 ਦੇ ਦਿਨ ਮਾਸਟਰ ਜੀ ਪਹਿਲਾਂ ਜਥਾ ਲੈ ਕੇ ਜੇਲ੍ਹ ਗਏ। ਇਹ ਮੋਰਚਾ 12 ਜੁਲਾਈ ਤਕ ਚੱਲਿਆ। ਅਖ਼ੀਰ ਪੰਜਾਬ ਸਰਕਾਰ ਨੇ ਹਥਿਆਰ ਸੁੱਟ ਦਿੱਤੇ।

ਭਾਰਤ ਸਰਕਾਰ ਵੱਲੋਂ ਸੂਬਿਆਂ ਦੀ ਹੱਦਬੰਦੀ ਬਾਰੇ ਬਣਾਏ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਪੰਜਾਬੀ ਸੂਬੇ ਦੀ ਮੰਗ ਨੂੰ ਰੱਦ ਕਰ ਦਿੱਤਾ। ਮਾਸਟਰ ਜੀ ਨੇ ਮਹਿਸੂਸ ਕੀਤਾ ਕਿ ਭਾਰਤ ਦੇ ਹਾਕਮ ਸਿੱਖਾਂ ਤਾਂ ਕੀ ਪੰਜਾਬ ਦੀ ਵੀ ਕੋਈ ਹੱਕੀ ਮੰਗ ਤਕ ਮੰਨਣ ਵਾਸਤੇ ਤਿਆਰ ਨਹੀਂ। ਇਸ ਕਰ ਕੇ ਉਨ੍ਹਾਂ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਪਹਿਲਾਂ ਨਿਸ਼ਾਨਾ ਬਣਾ ਲਿਆ। 1956 ਵਿਚ ਭਾਰਤ ਸਰਕਾਰ ਨੇ, ਸ: ਹੁਕਮ ਸਿੰਘ ਰਾਹੀਂ, ਸਕੀਮ ਤਿਆਰ ਕਰ ਕੇ ਇਕ "ਰੀਜਨਲ ਫਾਰਮੂਲਾ" ਲਾਗੂ ਕਰਨ ਦਾ ਐਲਾਨ ਕੀਤਾ। ਇਸ ਫ਼ਾਰਮੂਲੇ ਮੁਤਾਬਿਕ ਪੰਜਾਬ ਵਿਚ ਹਿੰਦੀ ਅਤੇ ਪੰਜਾਬੀ ਦੇ ਜ਼ੋਨ ਵੱਖਰੇ ਕਰ ਕੇ ਉਨ੍ਹਾਂ ਜ਼ੋਨਾਂ ਵਿਚ ਦੋਹਾਂ ਬੋਲੀਆਂ ਦੀ ਤਰੱਕੀ ਵਾਸਤੇ ਪ੍ਰਾਜੈਕਟ ਉਲੀਕੇ ਜਾਣੇ ਸਨ। ਮਾਸਟਰ ਜੀ ਜਾਣਦੇ ਸਨ ਕਿ ਸਰਕਾਰ ਨੇ ਇਸ ਫ਼ਾਰਮੂਲੇ ਤੇ ਅਮਲ ਨਹੀਂ ਕਰਨਾ। ਇਸ ਕਰ ਕੇ ਉਨ੍ਹਾਂ ਨੇ ਇਸ ਨੂੰ "ਵਕਤੀ ਤੌਰ ਤੇ" ਕਬੂਲ ਕਰ ਲਿਆ। ਇਸ ਨਾਲ ਘੱਟੋ-ਘੱਟ ਇਹ ਗੱਲ ਤਾਂ ਜ਼ਰੂਰ ਹੋ ਗਈ ਕਿ ਪੰਜਾਬ ਨੂੰ ਦੋ ਬੋਲੀਆਂ ਦਾ ਸੂਬਾ ਮੰਨ ਲਿਆ ਗਿਆ। "ਰੀਜਨਲ ਫਾਰਮੂਲਾ" ਮੰਨੇ ਜਾਣ ਤੋਂ ਬਾਅਦ ਅਕਾਲੀ ਦਲ ਅਤੇ ਕਾਂਗਰਸ ਸਿਆਸੀ ਤੌਰ ਤੇ ਇਕੱਠੇ ਹੋ ਗਏ ਪਰ ਇਹ ਇਕੱਠ ਥੋੜ੍ਹਾ ਚਿਰ ਹੀ ਚੱਲਿਆ। ਇਸ ਦੌਰਾਨ 1957 ਦੀਆਂ ਚੋਣਾਂ

Sri Satguru Jagjit Singh Ji eLibrary NamdhariElibrary@gmail.com

ਹੋਈਆਂ ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਨੇ ਬਹੁਤ ਸਾਰੀਆਂ ਵੋਟਾਂ ਹਾਸਲ ਕੀਤੀਆਂ ਪਰ ਉਨ੍ਹਾਂ ਦਾ ਕੋਈ ਵੀ ਉਮੀਦਵਾਰ ਨਾ ਜਿੱਤ ਸਕਿਆ। ਜਿਹੜੇ ਅਕਾਲੀਆਂ ਨੇ ਕਾਂਗਰਸ ਦੀ ਟਿਕਟ ਤੇ ਚੋਣਾਂ ਲੜੀਆਂ ਸਨ ਉਨ੍ਹਾਂ ਵਿੱਚੋਂ ਕੁਝ ਇਕ ਅਕਾਲੀ ਐਮ. ਐਲ. ਏ. ਬਣ ਗਏ। 1958 ਵਿਚ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਲਾਲਚ, ਸਹੂਲਤਾਂ, ਅਹੁਦੇ ਦੇ ਕੇ ਅਤੇ ਹੋਰ ਹਥਕੰਡੇ ਵਰਤ ਕੇ ਮਾਸਟਰ ਜੀ ਦੇ ਖ਼ਿਲਾਫ਼ ਬੇਵਿਸਾਹੀ ਦਾ ਮਤਾ ਪਾਸ ਕਰਵਾਂ ਲਿਆ। ਮਾਸਟਰ ਜੀ ਨੇ ਸਰਕਾਰੀ ਸਾਜਿਸ਼ ਦੇ ਖ਼ਿਲਾਫ਼ ਜ਼ਬਰਦਸਤ ਪ੍ਰੋਟੈਸਟ ਕੀਤਾ। ਇਸ ਸਿਲਸਿਲੇ ਵਿਚ ਮਾਸਟਰ ਜੀ ਨੇ 15 ਮਾਰਚ 1959 ਦੇ ਦਿਨ ਦਿੱਲੀ ਵਿਚ ਇਕ ਰੋਸ ਜਲੂਸ ਕੱਢਣ ਦਾ ਐਲਾਨ ਕੀਤਾ। ਇਸ ਮੌਕੇ ਤੇ ਸਰਕਾਰ ਨੇ ਬਹੁਤ ਸਾਰੀਆਂ ਬੱਸਾਂ, ਗੱਡੀਆਂ ਕੈਂਸਲ ਕਰ ਦਿੱਤੀਆਂ। ਇਸ ਦੇ ਬਾਵਜੂਦ ਬਹੁੱਤ ਵੱਡੀ ਗਿਣਤੀ ਵਿਚ ਸਿੱਖ ਦਿੱਲੀ ਪੁੱਜੇ ਅਤੇ ਇਕ ਬੜਾ ਵੱਡਾ ਜਲੂਸ ਕੱਢਿਆ। ਸਰਕਾਰ ਨੇ ਫਿਰ ਵੀ ਮਾਸਟਰ ਜੀ ਦੀ ਕੋਈ ਗੱਲ ਨਾ ਮੰਨੀ ਤਾਂ ਉਨ੍ਹਾਂ ਨੇ ਐਲਾਨ ਕੀਤਾ ਮੈਂ 16 ਅਪ੍ਰੈਲ 1959 ਤੋਂ ਮਰਨ ਵਰਤ ਰੱਖ ਦਿਆਂਗਾ। 12 ਅਪ੍ਰੈਲ 1959 ਦੇ ਦਿਨ ਮਾਸਟਰ ਜੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਵਿਚਕਾਰ ਇਕ ਮੀਟਿੰਗ ਹੋਈ ਜਿਸ ਵਿਚ ਨਹਿਰੂ ਨੇ ਵਾਇਦਾ ਕੀਤਾ ਕਿ ਉਹ ਅਤੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੇ ਮਾਮਲੇ ਵਿਚ ਦਖ਼ਲ ਨਹੀਂ ਦੇਣਗੇ। ਥੋੜ੍ਹੇ ਹੀ ਦਿਨਾਂ ਬਾਅਦ ਮਾਸਟਰ ਜੀ ਨੇ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ "ਪੰਜਾਬੀ ਸੂਬੇ" ਦੇ ਨਾਅਰੇ ਤੇ ਲੜਨ ਦਾ ਐਲਾਨ ਕਰ ਦਿੱਤਾ। 17 ਜਨਵਰੀ 1960 ਦੇ ਦਿਨ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ। ਅਕਾਲੀ ਦਲ ਨੇ 140 ਵਿੱਚੋਂ 136 ਸੀਟਾਂ ਜਿੱਤ ਕੇ ਰਿਕਾਰਡ ਕਾਇਮ ਕਰ ਦਿੱਤਾ। ਇਸ ਤੋਂ ਬਾਅਦ ਮਾਸਟਰ ਜੀ ਨੇ ਪੰਜਾਬੀ ਸੂਬੇ ਵਾਸਤੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਫਰਵਰੀ ਤੋਂ ਮਈ ਤੱਕ ਪੰਜਾਬੀ ਸੂਬੇ ਦੇ ਹੱਕ ਵਿਚ ਬਹੁਤ ਸਾਰੀਆਂ ਕਾਨਫ਼ਰੰਸਾਂ ਹੁੰਦੀਆਂ ਰਹੀਆਂ।

30 ਅਪ੍ਰੈਲ 1960 ਨੂੰ ਮਾਸਟਰ ਜੀ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਤਾਂ ਜੋ ਉਹ ਪੰਜਾਬੀ ਸੂਬਾ ਮੋਰਚਾ ਵਾਸਤੇ ਸਮਾਂ ਲਾ ਸਕਣ। 22 ਮਈ 1960 ਦੇ ਦਿਨ ਅੰਮ੍ਰਿਤਸਰ ਵਿਚ ਹੋਈ ਕਨਵੈਸ਼ਨ ਨੇ ਪੰਜਾਬੀ ਸੂਬੇ ਦੀ ਮੰਗ ਦਾ ਮਤਾ ਪਾਸ ਕੀਤਾ। ਇਸ ਕਾਨਫ਼ਰੰਸ ਵਿਚ ਬਹੁਤ ਸਾਰੇ ਗੈਰ-ਸਿੱਖ ਅਤੇ ਗ਼ੈਰ-ਅਕਾਲੀ ਪਾਰਟੀਆਂ ਦੇ ਲੀਡਰ ਵੀ ਸ਼ਾਮਿਲ ਹੋਏ। ਇਸੇ ਦਿਨ ਮਾਸਟਰ ਜੀ ਨੇ ਐਲਾਨ ਕੀਤਾ ਕਿ ਉਹ ਪੰਜਾਬੀ ਸੂਬਾ ਮੋਰਚਾ ਦੇ ਪਹਿਲੇ ਐਕਸ਼ਨ ਵਜੋਂ 12 ਜੂਨ 1960 ਦੇ ਦਿਨ ਦਿੱਲੀ ਵਿਚ ਜਲੂਸ ਕੱਢਣਗੇ ਅਤੇ ਇਸ ਵਾਸਤੇ 29 ਮਈ ਨੂੰ ਅੰਮ੍ਰਿਤਸਰ ਤੋਂ ਇਕ ਜਥਾ ਲੈ ਕੇ ਚਲਣਗੇ। 24-25 ਮਈ ਦੀ ਰਾਤ ਨੂੰ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮਾਸਟਰ ਜੀ ਦੀ ਗ੍ਰਿਫ਼ਤਾਰੀ ਦੇ ਬਾਵਜੂਦ 29 ਮਈ ਵਾਲੇ ਦਿਨ ਜਥਾ ਟੁਰਿਆ ਤੇ ਇੰਞ ਪੰਜਾਬੀ ਸੂਬਾ ਮੋਰਚਾ ਸ਼ੁਰੂ ਹੋ ਗਿਆ।

ਪੰਜਾਬੀ ਸੂਬਾ ਮੋਰਚਾ ਕਈ ਮਹੀਨੇ ਚਲਿਆ। ਇਸ ਦੌਰਾਨ ਬਾਬਾ ਫਤਹਿ

Sri Satguru Jagjit Singh Ji eLibrary NamdhariElibrary@gmail.com

ਸਿੰਘ ਨੇ 18 ਦਸੰਬਰ 1960 ਤੋਂ ਮਰਨ ਵਰਤ ਵੀ ਸ਼ੁਰੂ ਕਰ ਦਿੱਤਾ। ਜਦੋਂ 15 ਦਿਨ ਤਕ ਹਾਲਾਤ ਵਿਚ ਤਬਦੀਲੀ ਨਾ ਆਈ ਤਾਂ ਸਰਕਾਰ ਨੇ 3-4 ਫਰਵਰੀ 1961 ਦੀ ਰਾਤ ਨੂੰ ਮਾਸਟਰ ਜੀ ਨੂੰ ਰਿਹਾ ਕਰ ਦਿੱਤਾ। ਮਾਸਟਰ ਜੀ ਰਿਹਾ ਹੋ ਕੇ ਸਿੱਧਾ ਅੰਮ੍ਰਿਤਸਰ ਪੁੱਜੇ ਤਾਂ ਪੰਜਾਬੀ ਸੂਬਾ ਮੋਰਚਾ ਕਮੇਟੀ ਨੇ ਉਨ੍ਹਾਂ ਨੂੰ ਨਹਿਰੂ ਨਾਲ ਗੱਲਬਾਤ ਲਈ ਭੇਜ ਦਿੱਤਾ। ਮਾਸਟਰ ਜੀ ਨਹਿਰੂ ਨੂੰ ਮਿਲੇ ਪਰ ਨਹਿਰੂ ਨੇ ਕੋਈ ਗੱਲ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ। ਅਗਲੇ ਦਿਨ ਨਹਿਰੂ ਨੇ ਇਕ ਬਿਆਨ ਵਿਚ ਆਖ ਦਿੱਤਾ ਕਿ "ਪੰਜਾਬ ਇਕ ਬੋਲੀ ਦਾ ਸੂਬਾ ਹੈ ਇਸ ਦੀ ਬੋਲੀ ਸਿਰਫ਼ ਪੰਜਾਬੀ ਹੈ।" ਮੋਰਚਾ ਕਮੇਟੀ ਨੇ ਮਾਸਟਰ ਜੀ ਕੋਲੋਂ ਇਸ ਬਿਆਨ ਦੇ ਪਿਛੋਕੜ ਵਿਚ ਬਾਬਾ ਫਤਹਿ ਸਿੰਘ ਦਾ ਮਰਨ ਵਰਤ ਖੁਲ੍ਹਣ ਵਾਸਤੇ ਅਖਵਾ ਦਿੱਤਾ। 9 ਜਨਵਰੀ ਨੂੰ ਐਂਟੀ-ਮਾਸਟਰ ਤਾਰਾ ਸਿੰਘ ਧੜੇ ਨੂੰ ਬਾਬਾ ਫਤਹਿ ਸਿੰਘ ਦਾ ਮਰਨ ਵਰਤ ਤੁੜਵਾਉਣ ਤੇ ਪੰਜਾਬੀ ਸੂਬਾ ਮੋਰਚਾ ਫੇਲ੍ਹ ਕਰਨ ਦਾ ਜ਼ਿਮੇਵਾਰੀ ਮਾਸਟਰ ਜੀ ਤੇ ਪਾਉਣੀ ਸ਼ੁਰੂ ਕਰ ਦਿੱਤੀ। ਪ੍ਰਤਾਪ ਸਿੰਘ ਕੈਰੋਂ, ਜਵਾਹਰ ਲਾਲ ਨਹਿਰੂ ਤੇ ਉਨ੍ਹਾਂ ਦੇ ਸਾਥੀਆਂ ਮਾਸਟਰ ਜੀ ਦੇ ਖ਼ਿਲਾਫ਼ ਸਾਜਿਸ਼ਾਂ ਵਿਚ ਖ਼ਾਸ ਹਿੱਸਾ ਲਿਆ। ਕੁਝ ਚਿਰ ਇਹੀ ਮਾਹੌਲ ਜਾਰੀ ਰਿਹਾ। ਇਸ ਦੌਰਾਨ ਬਾਬਾ ਫ਼ਤਹਿ ਸਿੰਘ ਤੇ ਜਵਾਹਰ ਲਾਲ ਨਹਿਰੂ ਵਿਚਕਾਰ ਗੱਲਬਾਤ ਸ਼ੁਰੂ ਹੋ ਗਈ। ਇਸ ਗੱਲਬਾਤ ਦਾ ਕੋਈ ਨਤੀਜਾ ਨਾ ਨਿਕਲਿਆ। ਅਖ਼ੀਰ ਮਾਸਟਰ ਜੀ ਨੇ ਪੰਜਾਬੀ ਸੂਬਾ ਨਾਅਰੇ ਤੇ ਆਪ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ।

ਐਲਾਨ ਮੁਤਾਬਿਕ ਮਾਸਟਰ ਜੀ ਨੇ 15 ਅਗਸਤ 1961 ਤੋਂ ਮਰਨ ਵਰਤ ਸ਼ੁਰੂ ਕਰ ਦਿੱਤਾ। ਇਸ ਦੌਰਾਨ ਅਕਾਲੀਆਂ ਅਤੇ ਸਰਕਾਰ ਵਿਚਕਾਰ ਗੱਲਬਾਤ ਚਲਦੀ ਰਹੀ ਪਰ ਕੋਈ ਨਤੀਜਾ ਨਾ ਨਿਕਲਿਆ। ਅਖ਼ੀਰ ਕੁਝ ਸਿੱਖ ਆਗੂ ਅਤੇ ਹੋਰ ਲੀਡਰ ਵਿਚੋਲੇ ਬਣ ਕੇ ਮਾਸਟਰ ਜੀ ਦਾ ਮਰਨ ਵਰਤ ਤੁੜਵਾਉਣ ਵਿਚ ਕਾਮਯਾਬ ਹੋ ਗਏ। ਮਾਸਟਰ ਜੀ ਨੇ ਪਹਿਲੀ ਅਕਤੂਬਰ 1961 ਦੇ ਦਿਨ ਮਰਨ ਵਰਤ ਖੋਲ੍ਹਿਆ। ਇਸ ਤੋਂ ਬਾਅਦ ਮਾਸਟਰ ਜੀ ਦੇ ਖ਼ਿਲਾਫ਼ ਬਹੁਤ ਪ੍ਰਚਾਰ ਹੋਇਆ। ਮਾਸਟਰ ਜੀ ਵੱਲੋਂ ਮਰਨ ਵਰਤ ਛੱਡੇ ਜਾਣ ਸਬੰਧੀ 23 ਨਵੰਬਰ 1961 ਦੇ ਦਿਨ ਅਕਾਲ ਤਖ਼ਤ ਸਾਹਿਬ ਤੇ ਇਕ ਪਟੀਸ਼ਨ ਪੇਸ਼ ਕੀਤੀ ਗਈ। 29 ਨਵੰਬਰ ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਫ਼ੈਸਲਾ ਸੁਣਾਇਆ ਗਿਆ। ਅਕਾਲ ਤਖ਼ਤ ਸਾਹਿਬ ਨੇ ਮਾਸਟਰ ਜੀ, ਬਾਬਾ ਫਤਿਹ ਸਿੰਘ ਅਤੇ ਅਕਾਲੀ ਦਲ ਦੀ ਪੂਰੀ ਵਰਕਿੰਗ ਕਮੇਟੀ ਨੂੰ ਸਜ਼ਾ ਲਾਈ। ਇਸ ਤੋਂ ਬਾਅਦ ਭਾਵੇਂ ਕੁਝ ਚਿਰ ਅਕਾਲੀ ਦਲ ਵਿਚ ਏਕਤਾ ਕਾਇਮ ਰਹੀ ਪਰ ਅੰਦਰੋਂ-ਅੰਦਰੀਂ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਸਾਜਿਸ਼ਾਂ ਹੁੰਦੀਆਂ ਰਹੀਆਂ। ਅਖ਼ੀਰ ਜੁਲਾਈ 1962 ਵਿਚ ਸ਼੍ਰੋਮਣੀ ਅਕਾਲੀ ਦਲ ਦੋ ਹਿੱਸਿਆਂ ਵਿਚ ਵੰਡਿਆ ਗਿਆ। ਇਕ ਦੇ ਪ੍ਰਧਾਨ ਬਾਬਾ ਫਤਹਿ ਸਿੰਘ ਅਤੇ ਦੂਜੇ ਦੇ ਪ੍ਰਧਾਨ ਜਥੇਦਾਰ ਅੱਛਰ ਸਿੰਘ ਬਣੇ। ਮਾਸਟਰ ਅਕਾਲੀ ਦਲ ਅਤੇ ਫਤਹਿ ਸਿੰਘ ਅਕਾਲੀ ਦਲ ਇਕ ਦੂਜੇ ਦੇ ਖ਼ਿਲਾਫ਼ ਬਹੁਤ ਪ੍ਰਚਾਰ ਕਰਦੇ ਰਹੇ। ਇਸ ਵਕਤ ਤਕ ਸ਼੍ਰੋਮਣੀ

Sri Satguru Jagjit Singh Ji eLibrary NamdhariElibrary@gmail.com

ਗੁਰਦੁਆਰਾ ਪ੍ਰਬੰਧਕ ਕਮੇਟੀ ਬਾਬਾ ਫਤਹਿ ਸਿੰਘ ਦੇ ਕਬਜ਼ੇ ਵਿਚ ਆ ਚੁੱਕੀ ਸੀ। ਇਸ ਦੀਆਂ ਅਗਲੀਆਂ ਚੋਣਾਂ ਤਕ ਦੋਵੇਂ ਅਕਾਲੀ ਦਲ ਸਿੱਖਾਂ ਵਿਚ "ਵੱਡੀ ਜਥੇਬੰਦੀ" ਬਣਨ ਵਾਸਤੇ ਜਦੋਜਹਿਦ ਕਰਦੇ ਰਹੇ। 1965 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਫਤਹਿ ਸਿੰਘ ਧੜੇ ਨੂੰ 90 ਸੀਟਾਂ ਅਤੇ ਮਾਸਟਰ ਧੜੇ ਨੂੰ 45 ਸੀਟਾਂ ਹਾਸਿਲ ਹੋਈਆਂ। ਆਪਣੀ ਹਾਰ ਮਗਰੋਂ ਮਾਸਟਰ ਜੀ ਨੇ ਸਿੱਖ ਸਿਆਸਤ ਤੋਂ ਕਿਨਾਰਾ ਕਰ ਲਿਆ ਅਤੇ ਉਹ 25 ਜਨਵਰੀ 1965 ਦੇ ਦਿਨ ਕਿਸੇ ਅਣਦੱਸੀ ਜਗ੍ਹਾ ਤੇ ਚਲੇ ਗਏ। ਕੁਝ ਮਹੀਨੇ ਮਾਸਟਰ ਜੀ ਰੂਪੋਸ਼ ਰਹੇ। 4 ਜੁਲਾਈ 1965 ਦੇ ਦਿਨ ਲੁਧਿਆਣਾ ਵਿਚ ਸ: ਹਰੀ ਸਿੰਘ ਨਲੂਆ ਦੀ ਯਾਦ ਵਿਚ ਇਕ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ ਵਿਚ ਸਿੱਖਾਂ ਨੂੰ "ਆਤਮ ਨਿਰਣੈ ਦਾ ਹੱਕ" ਦੇਣ ਬਾਰੇ ਸਿਆਸੀ ਮਤਾ ਪੇਸ਼ ਕੀਤਾ ਗਿਆ। ਇਸ ਮਤੇ ਦੇ ਹੱਕ ਵਿਚ ਮਾਸਟਰ ਧੜੇ ਤੇ ਫਤਹਿ ਸਿੰਘ ਧੜੇ ਨੇ ਸਾਂਝਾ ਰੋਲ ਅਦਾ ਕੀਤਾ। ਇਸ ਮਤੇ ਦੇ ਪਾਸ ਹੋਣ ਤੋਂ ਬਾਅਦ ਮਾਸਟਰ ਜੀ ਘਰ ਵਾਪਿਸ ਮੁੜ ਆਏ ਅਤੇ ਸਿਆਸਤ ਵਿਚ ਫਿਰ ਹਿੱਸਾ ਲੈਣ ਲੱਗ ਪਏ। 1966 ਵਿਚ ਪੰਜਾਬੀ ਸੂਬਾ ਬਣ ਗਿਆ ਅਤੇ 1967 ਵਿਚ ਹੋਈਆਂ ਚੋਣਾਂ ਤੋਂ ਬਾਅਦ ਅਕਾਲੀ ਦਲ ਦੀ ਅਗਵਾਈ ਹੇਠ ਸਾਂਝੀ ਸਰਕਾਰ ਬਣ ਗਈ। ਇਹ ਸਰਕਾਰ ਸਿਰਫ਼ 8 ਮਹੀਨੇ ਚਲੀ। ਜਿਸ ਦਿਨ ਇਹ ਸਰਕਾਰ ਟੁੱਟੀ, ਉਸੇ ਦਿਨ, 22 ਨਵੰਬਰ 1967 ਨੂੰ, ਚੰਡੀਗੜ੍ਹ ਵਿਚ, ਮਾਸਟਰ ਜੀ ਚੜ੍ਹਾਈ ਕਰ ਗਏ। ਮਾਸਟਰ ਜੀ ਦੀ ਮੌਤ ਨਾਲ ਪੰਜਾਬ ਦੀ ਸਿਆਸਤ ਦਾ ਇਕ ਵੱਡਾ ਚੈਪਟਰ ਖ਼ਤਮ ਹੋ ਗਿਆ।

ਮਾਸਟਰ ਤਾਰਾ ਸਿੰਘ ਇਕ ਨਿਸ਼ਕਾਮ ਆਗੂ ਸਨ। ਉਨ੍ਹਾਂ ਦੇ ਦਿਲ ਵਿਚ ਅਹੁਦਾ, ਸ਼ੁਹਰਤ ਅਤੇ ਤਾਕਤ ਦੀ ਭੁੱਖ ਨਹੀਂ ਸੀ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਉਨ੍ਹਾਂ ਨੇ ਕਦੇ ਵੀ ਅਸੈਂਬਲੀ ਜਾਂ ਪਾਰਲੀਮੈਂਟ ਦੀ ਚੋਣ ਨਹੀਂ ਲੜੀ ਸੀ ਕਿਉਂਕਿ ਉਹ ਕਦੇ ਵੀ ਮੁੱਖ ਮੰਤਰੀ ਜਾਂ ਰਾਸ਼ਟਰਪਤੀ ਜਾਂ ਕਿਸੇ ਹੋਰ ਸਿਆਸੀ ਅਹੁਦੇ ਦੀ ਖ਼ਾਹਿਸ਼ ਨਹੀਂ ਰੱਖਦੇ ਸਨ। ਮਾਸਟਰ ਜੀ ਨੇ ਆਪਣੀ ਉਮਰ ਦਾ 10 ਸਾਲ ਤੋਂ ਵੱਧ ਸਮਾਂ ਭਾਰਤ ਅਤੇ ਅੰਗਰੇਜ਼ ਸਰਕਾਰ ਦੀਆਂ ਜੇਲ੍ਹਾਂ ਵਿਚ ਬਿਤਾਇਆ। ਉਹ ਸਾਰੀ ਉਮਰ ਪੰਥ ਵਾਸਤੇ ਜੀਂਦੇ ਰਹੇ। ਉਨ੍ਹਾਂ ਦਾ ਨਾਅਰਾ ਸੀ : "ਮੈਂ ਮਰਾ ਪੰਥ ਜੀਵੇ"। ਮਾਸਟਰ ਤਾਰਾ ਸਿੰਘ ਜੀ ਦੀ ਪੰਥ ਨੂੰ ਦੇਣ ਲਾਸਾਨੀ ਹੈ। ਉਨ੍ਹਾਂ ਦਾ ਨਾਂ ਸਿੱਖ ਤਵਾਰੀਖ਼ ਵਿਚ ਬੜੇ ਅਦਬ ਅਤੇ ਪਿਆਰ ਨਾਲ ਲਿਆ ਜਾਂਦਾ ਰਹੇਗਾ। ਉਹ ਇਕ ਬੇਲਾਗ, ਈਮਾਨਦਾਰ, ਸੱਚੇ-ਸੁਚੇ ਅਤੇ ਸੁਚੱਜੇ ਆਗੂ ਸਨ।

ਮਾਸਟਰ ਤਾਰਾ ਸਿੰਘ ਜੀ ਸਿਰਫ਼ ਇਕ ਆਗੂ ਹੀ ਨਹੀਂ ਬਲਕਿ ਇਕ ਕਾਮਯਾਬ ਅਖ਼ਬਾਰ-ਨਵੀਸ ਅਤੇ ਲੇਖਕ ਵੀ ਸਨ। 1909 ਵਿਚ ਉਨ੍ਹਾਂ ਨੇ "ਸੱਚਾ ਢੰਡੋਰਾ" ਨਾਂ ਦਾ ਅਖ਼ਬਾਰ ਸ਼ੁਰੂ ਕੀਤਾ ਜੋ ਕਈ ਸਾਲ ਕਾਮਯਾਬੀ ਨਾਲ ਚਲਦਾ ਰਿਹਾ। ਮਗਰੋਂ ਉਨ੍ਹਾਂ ਨੇ ਪ੍ਰਦੇਸਾਂ ਵਿਚ ਰਹਿੰਦੇ ਸਿੱਖਾਂ ਵਾਸਤੇ "ਪ੍ਰਦੇਸੀ ਖਾਲਸਾ" ਅਖ਼ਬਾਰ ਸ਼ੁਰੂ ਕੀਤਾ। ਇੰਞ ਹੀ ਮਾਸਕ ਪੰਥਕ ਰਸਾਲਾ "ਸੰਤ ਸਿਪਾਹੀ" ਵੀ ਉਨ੍ਹਾਂ ਨੇ ਹੀ

Sri Satguru Jagjit Singh Ji eLibrary NamdhariElibrary@gmail.com

ਸ਼ੁਰੂ ਕੀਤਾ ਸੀ । ਇਨ੍ਹਾਂ ਸਾਰੀਆਂ ਅਖ਼ਬਾਰਾਂ ਵਿਚ ਉਨ੍ਹਾਂ ਨੇ ਬਹੁਤ ਸਾਰੇ ਲੇਖ, ਐਡੀਟੋਰੀਅਲ ਅਤੇ ਟਿੱਪਣੀਆਂ ਲਿਖੀਆਂ। ਉਨ੍ਹਾਂ ਨੇ ਬਹੁਤ ਸਾਰੇ ਟ੍ਰੈਕਟ ਵੀ ਲਿਖੇ। ਇਨ੍ਹਾਂ ਵਿਚ ਉਨ੍ਹਾਂ ਨੇ ਸਿੱਖ ਸਿਆਸਤ, ਧਰਮ, ਇਤਿਹਾਸ, ਕਲਚਰ ਅਤੇ ਹੋਰ ਬਹੁਤ ਸਾਰੇ ਨੁਕਤਿਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਦੇ ਲੇਖ ਦਲੀਲ ਭਰਪੂਰ ਸਾਦੀ ਬੋਲੀ ਵਿਚ ਅਤੇ ਵਾਕਫ਼ੀ ਨਾਲ ਭਰੇ ਹੁੰਦੇ ਸਨ ।

ਮਾਸਟਰ ਤਾਰਾ ਸਿੰਘ ਪੰਜਾਬ ਦੇ ਪਹਿਲੇ ਜੀਵਨੀ-ਲੇਖਕ ਸਨ । ਉਨ੍ਹਾਂ ਦੀ ਜੀਵਨੀ "ਮੇਰੀ ਯਾਦ" 1945 ਵਿਚ ਛਪੀ ਸੀ । ਇਹ ਪੰਜਾਬੀ ਦੀ ਪਹਿਲੀ ਸਵੈ-ਜੀਵਨੀ ਹੈ । 1934-35 ਵਿਚ ਉਨ੍ਹਾਂ ਨੇ ਇਕ ਸਫ਼ਰਨਾਮਾ ਵੀ ਲਿਖਿਆ ਸੀ ਜਿਹੜਾ ਉਨ੍ਹਾਂ ਦੇ ਚੜ੍ਹਾਈ ਕਰਨ ਤੋਂ ਪਿੱਛੋਂ ਉਨ੍ਹਾਂ ਦੀ ਬੇਟੀ ਡਾਕਟਰ ਰਾਜਿੰਦਰ ਕੌਰ ਵੱਲੋਂ ਛਾਪਿਆ ਗਿਆ। ਮਾਸਟਰ ਤਾਰਾ ਸਿੰਘ ਪੰਜਾਬੀ ਦੇ ਪਹਿਲੇ ਕਾਮਯਾਬ ਨਾਵਲ ਲੇਖਕ ਸਨ । ਉਨ੍ਹਾਂ ਦਾ ਨਾਵਲ "ਪ੍ਰੇਮ ਲਗਨ" ਪੰਜਾਬੀ ਦੇ ਕਲਚਰ ਦੀ ਵਧੀਆ ਤਸਵੀਰ ਪੇਸ਼ ਕਰਦਾ ਹੈ। ਉਨ੍ਹਾਂ ਨੇ ਆਪਣੇ ਨਾਵਲਾਂ ਵਿਚ ਅਣਦਿਸਦੇ ਸੰਸਾਰ ਅਤੇ ਮਸਨੂਹੀ ਕਹਾਣੀਆਂ ਨੂੰ ਪੇਸ਼ ਕਰਨ ਦੀ ਬਜਾਏ ਉਸ ਵਿਚ ਆਮ ਲੋਕਾਂ ਦੀ ਜ਼ਿੰਦਗੀ ਅਤੇ ਕਲਚਰ ਨੂੰ ਪੇਸ਼ ਕੀਤਾ ਹੈ। ਪ੍ਰੇਮ ਲਗਨ ਪੰਜਾਬੀ ਨਾਵਲ ਦੀ ਤਵਾਰੀਖ਼ ਵਿਚ ਇਕ ਮੀਲ ਪੱਥਰ ਸੀ। ਜੇ ਕਰ ਮਾਸਟਰ ਤਾਰਾ ਸਿੰਘ ਇਕ ਸਿਆਸੀ ਆਗੂ ਨਾ ਹੁੰਦੇ ਤਾਂ ਇਕ ਵਧੀਆ ਨਾਵਲਿਸਟ ਸਾਬਿਤ ਹੋਣੇ ਸਨ । ਉਨ੍ਹਾਂ ਦਾ ਦੂਜਾ ਨਾਵਲ ਬਾਬਾ ਤੇਗਾ ਸਿੰਘ ਇਕ ਤਵਾਰੀਖ਼ੀ ਨਾਵਲ ਹੈ। ਇਸ ਵਿਚ ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਲੜਾਈਆਂ ਦਾ ਬੜੀ ਤਫ਼ਸੀਲ ਨਾਲ ਜ਼ਿਕਰ ਕੀਤਾ ਗਿਆ ਹੈ। ਇਸ ਨਾਵਲ ਵਿਚ ਬਹੁਤ ਸਾਰੀ ਕੀਮਤੀ ਤਵਾਰੀਖ਼ੀ ਸਮੱਗਰੀ ਦਿੱਤੀ ਹੋਈ ਹੈ। ਇਸ ਤੋਂ ਇਹ ਵੀ ਸਾਬਿਤ ਹੁੰਦਾ ਹੈ ਕਿ ਮਾਸਟਰ ਜੀ ਸਿੱਖ ਤਵਾਰੀਖ਼ ਬਾਰੇ ਸੁੱਚਜੀ ਪਕੜ ਰੱਖਦੇ ਸਨ ।

ਸਮੁੱਚੇ ਤੌਰ ਤੇ ਮਾਸਟਰ ਤਾਰਾ ਸਿੰਘ ਜੀ ਇਕ ਉੱਚੇ ਦਰਜੇ ਦੇ ਪੰਜਾਬੀ ਲੇਖਕ ਸਨ। ਉਨ੍ਹਾਂ ਦੀਆਂ ਲਿਖਤਾਂ ਨੇ ਸਿੱਖਾਂ ਅਤੇ ਗ਼ੈਰ-ਸਿੱਖਾਂ ਨੂੰ ਬਹੁਤ ਅਸਰ-ਅੰਦਾਜ਼ ਕੀਤਾ। ਉਨ੍ਹਾਂ ਦੀ ਕਲਮ ਵਿਚ ਰਵਾਨਗੀ ਸੀ। ਉਹ ਆਪਣੀ ਗੱਲ ਅਜਿਹੇ ਤਰੀਕੇ ਨਾਲ ਪੇਸ਼ ਕਰਦੇ ਸਨ ਕਿ ਪੜ੍ਹਨ ਵਾਲਾ ਕਾਇਲ ਹੋਏ ਬਿਨਾਂ ਨਹੀਂ ਰਹਿ ਸਕਦਾ ਸੀ। ਉਨ੍ਹਾਂ ਦੇ ਲੇਖ ਪੰਜਾਬੀ ਦੇ ਸਭ ਤੋਂ ਵਧੀਆਂ ਲੇਖਾਂ ਵਿਚ ਸ਼ਾਮਿਲ ਕੀਤੇ ਜਾ ਸਕਦੇ ਹਨ। ਮਾਸਟਰ ਜੀ ਨੇ ਸਿੱਖ ਸਿਆਸਤ, ਸਿੱਖ ਤਵਾਰੀਖ਼, ਸਿੱਖ ਕਲਚਰ, ਸਿੱਖ ਧਰਮ ਅਤੇ ਚਲਦੇ ਮਾਮਲਿਆਂ ਬਾਰੇ ਸੈਂਕੜੇ ਲੇਖ ਲਿਖੇ ਸਨ । ਇਨ੍ਹਾਂ ਲੇਖਾਂ ਵਿੱਚੋਂ ਬਹੁਤਿਆਂ ਦੀ ਮਹਾਨਤਾ ਵਕਤ ਦੇ ਨਾਲ ਬਦਲੀ ਨਹੀਂ ਤੇ ਉਹ ਅਜ ਵੀ ਨਵੇਂ ਤੇ ਤਾਜ਼ਾ ਜਾਪਦੇ ਹਨ ।

ਮਾਸਟਰ ਜੀ ਦੀਆਂ ਲਿਖਤਾਂ ਵਿਚ ਕੁਝ ਕੁ ਕਿਤਾਬੀ ਰੂਪ ਵਿਚ ਛੱਪ ਚੁੱਕੀਆਂ ਸਨ ਪਰ ਬਹੁਤੀਆਂ ਲਿਖਤਾਂ ਅਜੇ ਅਣਛਪੀਆਂ ਸਨ । ਉਨ੍ਹਾਂ ਦੀਆਂ ਛਪੀਆਂ ਕਿਤਾਬਾਂ ਵੀ ਖ਼ਤਮ ਹੋ ਚੁੱਕੀਆਂ ਸਨ ਅਤੇ ਨਵੇਂ ਐਡੀਸ਼ਨ ਨਹੀਂ ਆ ਰਹੇ ਸਨ।

Sri Satguru Jagjit Singh Ji eLibrary NamdhariElibrary@gmail.com

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਮਤੇ ਰਾਹੀਂ ਮਾਸਟਰ ਜੀ ਦੀਆਂ ਲਿਖਤਾਂ ਛਾਪਣ ਦਾ ਫੈਸਲਾ ਕੀਤਾ ਸੀ। ਹਥਲੀ ਕਿਤਾਬ ਇਸ "ਮਾਸਟਰ ਤਾਰਾ ਸਿੰਘ ਲੜੀ" ਦਾ ਇਕ ਹਿੱਸਾ ਹੈ।

ਅਸੀਂ ਵਿੰਗ-ਕਮਾਂਡਰ ਸ: ਕਮਲਜੀਤ ਸਿੰਘ (ਮਾਸਿਕ "ਸੰਤ ਸਿਪਾਹੀ") ਦੇ ਖ਼ਾਸ ਤੌਰ ਤੇ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਸਾਨੂੰ ਮਾਸਟਰ ਜੀ ਦੇ ਲੇਖਾਂ ਦੀਆਂ ਫ਼ਾਈਲਾਂ ਦੇ ਕੇ ਸਾਡਾ ਕੰਮ ਹੋਰ ਵੀ ਆਸਾਨ ਕਰ ਦਿੱਤਾ।

ਹਰਜਿੰਦਰ ਸਿੰਘ ਦਿਲਗੀਰ
ਡਾਇਰੈਕਟਰ
ਸਿੱਖ ਇਤਿਹਾਸ ਰੀਸਰਚ ਬੋਰਡ
ਅਤੇ ਸਿੱਖ ਰੈਫਰੈਂਸ ਲਾਇਬਰੇਰੀ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

੧.

# ਅੰਨ੍ਹਿਆਂ ਨੂੰ ਅੰਨ੍ਹੇ ਦਾ ਉਪਦੇਸ਼

ਜਦ ਮੈਂ ਲੇਖ ਲਿਖਦਾ ਹਾਂ ਤਾਂ ਮੈਨੂੰ ਇਹ ਖ਼ਿਆਲ ਆਉਂਦਾ ਹੈ ਕਿ ਮੈਂ ਕੀ ਕਰ ਰਿਹਾ ਹਾਂ। ਦੂਜਿਆਂ ਨੂੰ ਰਾਹ ਦੱਸ ਰਿਹਾ ਹਾਂ, ਜਿਸ ਦਾ ਮੈਨੂੰ ਆਪ ਪਤਾ ਨਹੀਂ ਹੈ। ਸੁਣੀ-ਸਣਾਈ ਗੱਲ ਦੂਜਿਆਂ ਨੂੰ ਦੱਸ ਰਿਹਾ ਹਾਂ। ਇਸ ਦਾ ਕੀ ਵਜ਼ਨ ਹੈ ? ਇਸ ਦਾ ਵਜ਼ਨ ਇਉਂ ਹੈ—

ਇਕ ਦੇਸ਼ ਵਿਚ ਜਾ ਕੇ ਇਕ ਸੱਜਣ ਉਸ ਦਾ ਨਕਸ਼ਾ ਬਣਾਂਦਾ ਹੈ। ਹੁਣ ਦੇਸ਼ ਨੂੰ ਤਾਂ ਉਹ ਆਪ ਜਾ ਕੇ ਵੇਖਣ ਵਾਲਾ ਹੀ ਸਮਝਦਾ ਹੈ ਪਰ ਉਸ ਨਕਸ਼ੇ ਤੋਂ ਕੁਝ ਖ਼ਿਆਲ ਨਕਸ਼ਾ ਵੇਖਣ ਵਾਲਿਆਂ ਨੂੰ ਭੀ ਆ ਜਾਂਦਾ ਹੈ। ਅੱਗੋਂ ਜਦ ਇਹ ਨਕਸ਼ਾ ਵੇਖਣ ਵਾਲਾ ਜ਼ਬਾਨੀ-ਜ਼ਬਾਨੀ ਉਸ ਨਕਸ਼ੇ ਦੇ ਅਧਾਰ ਉੱਤੇ ਬਿਆਨ ਕਰਦਾ ਹੈ, ਤਾਂ ਸੁਣਨ ਵਾਲੇ ਦੇ ਪੱਲੇ ਕੀ ਪੈਂਦਾ ਹੈ ? ਜੇ ਇਹ ਸੁਣਾਨ ਵਾਲਾ ਅੱਗੋਂ ਹੋਰ ਨਾ ਸੁਣਾਏ ਤਾਂ ਫੇਰ ਉਸ ਦੇ ਕੀ ਪੱਲੇ ਪੈਣਾ ਹੈ। ਇਹ ਹੈ ਹਾਲਤ। ਨਕਸ਼ਾ ਆਪ ਵੇਖੋ ਤਾਂ ਕੁਝ ਪੱਲੇ ਪਵੇਗਾ, ਪਰ ਦੇਸ ਦੀ ਸਮਝ ਤਾਂ ਦੇਸ ਵਿਚ ਜਾਇਆਂ ਹੀ ਹੋ ਸਕਦੀ ਹੈ ਪਰ ਜੇ ਸੁਣੀ-ਸੁਣਾਈ ਨਾਲ ਹੀ ਮਨ ਪ੍ਰਸੰਨ ਕਰਨਾ ਜੇ ਤਾਂ ਤੁਹਾਡੀ ਮਰਜ਼ੀ।

ਮੇਰਾ ਹਾਲ ਤਾਂ ਇਉਂ ਜੇ ਜਿਸ ਤਰ੍ਹਾਂ ਕਿ ਭੁੱਲਿਆ ਹੋਇਆ ਅੰਨ੍ਹਾ, ਹਨ੍ਹੇਰੇ ਵਿਚ ਦੂਜੇ ਅੰਨ੍ਹਿਆਂ ਨੂੰ ਰਾਹ ਪਾਣ ਦਾ ਜਤਨ ਕਰਦਾ ਹੈ। ਪਤਾ ਨਹੀਂ ਉਹ ਰਾਹੇ ਪਾ ਰਿਹਾ ਕਿ ਕੁਰਾਹੇ ਪਾ ਰਿਹਾ ਹੈ। ਅਜੇਹੀ ਹਾਲਤ ਵਿਚ ਰਾਹ ਲੱਭਣ ਦਾ ਠੀਕ ਤਰੀਕਾ ਤਾਂ ਇਹ ਹੈ ਕਿ ਉੱਚੀਆਂ-ਉੱਚੀਆਂ ਵਾਜਾਂ ਮਾਰੋ ਤੇ ਦੁਹਾਈ ਪਾਉ, ਸ਼ਾਇਦ ਕੋਈ ਪ੍ਰੇਮ-ਭਰਿਆ ਸੁਜਾਖਾ ਤੁਹਾਡੀ ਵਾਜ ਸੁਣ ਕੇ ਆ ਬਹੁੜੀ ਕਰੇ :

ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥ (ਪੰਨਾ ੨੪੩)

✲ ✲ ✲

Sri Satguru Jagjit Singh Ji eLibrary NamdhariElibrary@gmail.com

www.archive.org/details/namdhari

## ੨.

# ਸੁਖੁ ਦੂਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ

ਸੁਖ ਦੁੱਖ ਤਾਂ ਮਨ ਦੀ ਅਵੱਸਥਾ ਦੀ ਬਾਹਿਰ ਦੀ ਅਵੱਸਥਾ ਨਾਲ ਪੈਦਾ ਹੋਈ ਹਾਲਤ ਦਾ ਨਾਮ ਹੈ। ਸੁਖ ਤੇ ਦੁਖ ਇਕ ਦੂਜੇ ਦੇ ਆਸਰੇ ਹੀ ਹਨ। ਇਉਂ ਸਮਝੋ ਕਿ ਜੇ ਦੁੱਖ ਨਾ ਹੋਵੇ ਤਾਂ ਸੁਖ ਦੇ ਕੁਝ ਅਰਥ ਹੀ ਨਹੀਂ ਹਨ। ਇਹ ਤਾਂ ਦੋ ਅਵੱਸਥਾ ਹਨ ਜੋ ਇਕ ਦੂਜੇ ਦੀ ਅਣਹੋਂਦ ਦਾ ਨਤੀਜਾ ਹੀ ਹਨ। ਜਿਤਨਾ ਵੱਧ ਭੁੱਖ ਦਾ ਦੁੱਖ ਹੋਵੇ, ਉਤਨਾ ਵੱਧ ਰੋਟੀ ਦਾ ਸਵਾਦ ਆਉਂਦਾ ਹੈ। ਜਿਤਨੀ ਸਖ਼ਤ ਗਰਮੀ ਲੱਗੇ, ਉਤਨਾ ਵੱਧ ਠੰਢਾ ਪਾਣੀ ਸਵਾਦ ਦੇਂਦਾ ਹੈ। ਜਿਤਨੀ ਸਖ਼ਤ ਢਿੱਡ ਪੀੜ ਹੋਵੇ; ਉਤਨੀ ਵੱਧ ਸ਼ਾਂਤੀ ਦੀ ਨੀਂਦ ਮਗਰੋਂ ਆਉਂਦੀ ਹੈ। ਜਿਤਨਾ ਵੱਧ ਕੋਈ ਅਮੀਰੀ ਦੇ ਸੁਖ ਭੋਗੇ, ਉਤਨਾ ਵੱਧ ਉਸ ਨੂੰ ਗਰੀਬੀ ਦੇ ਦੁਖ ਦੁਖਾਂਦੇ ਹਨ। ਇਕ ਸਿਹਤ ਵਾਲੇ ਚੰਗੇ ਭਲੇ, ਆਦਮੀ ਨੂੰ ਕੜਾਹ ਸਵਾਦ ਦੇਂਦਾ ਹੈ। ਉਸੇ ਆਦਮੀ ਨੂੰ ਤਾਪ ਚੜ੍ਹਿਆ ਹੋਵੇ, ਤਾਂ ਉਸ ਦਾ ਕੜਾਹ ਵੱਲ ਰੂਹ ਨਹੀਂ ਕਰਦਾ। ਸੋ ਸੁਖ-ਦੁੱਖ ਤਾਂ ਆਪਣੇ ਮਨ ਵਿੱਚੋਂ ਨਿਕਲਦੇ ਹਨ। ਜਿਤਨਾ ਵੱਧ ਸੁਖ ਆਵੇ, ਉਤਨਾ ਵੱਧ ਦੁੱਖ ਮਹਿਸੂਸ ਹੋਵੇਗਾ। ਇਸੇ ਤਰ੍ਹਾਂ ਜਿਤਨਾ ਵੱਧ ਦੁੱਖ ਵਿਚ ਕੋਈ ਰਹੇ ਉਤਨਾ ਵੱਧ ਉਹ ਸੁੱਖ ਮਹਿਸੂਸ ਕਰੇਗਾ। ਅੱਜ ਵਿਸਥਾਰ ਨਾਲ ਮੈਂ ਵਿਚਾਰ ਕਰਦਾ ਹਾਂ, ਪਰ ਇਤਨਾ ਸਮਝ ਲਵੋ ਕਿ **ਸੁਖ ਤਾਂ ਦੁਖ ਦੀ ਤਿਆਗੀ ਹੈ ਤੇ ਦੁਖ, ਸੁਖ ਦੀ ਤਿਆਗੀ ਹੈ।** ਵਧੇਰੇ ਸੁਖੀ ਹੋਵੋ ਤਾਂ ਸਮਝੋ ਕਿ ਦੁੱਖ ਜਮ੍ਹਾਂ ਕਰ ਰਹੇ ਹੋ ਤੇ ਜੋ ਵਧੇਰੇ ਦੁਖੀ ਹੋਵੋ ਤਾਂ ਸਮਝੋ ਸੁਖ ਜਮ੍ਹਾ ਕਰ ਰਹੇ ਹੋ। ਇਸ ਦੁੱਖ-ਸੁੱਖ ਦੀ ਅਵੱਸਥਾ ਤੋਂ ਛੁਟਕਾਰਾ ਪਾ ਕੇ ਸਹਿਜ ਅਵੱਸਥਾ ਵਿਚ ਕੋਈ ਮਹਾਤਮਾ ਹੀ ਪੁਜਦਾ ਹੈ, ਜਿਸ ਲਈ ਦੁੱਖ ਸੁਖ ਨਹੀਂ ਰਹਿੰਦਾ, ਕੇਵਲ ਅਨੰਦ ਹੀ ਅਨੰਦ ਰਹਿ ਜਾਂਦਾ ਹੈ।

ਹੁਣ ਅਸਾਂ ਜਿਨ੍ਹਾਂ ਅਨੰਦ ਨਹੀਂ ਚੱਖਿਆ ਹੋਇਆ, ਉਹ ਇਹ ਗੱਲ ਸਮਝ ਨਹੀਂ ਸਕਦੇ। ਉਹ "ਸੁਖੁ ਦੁਖੁ ਦੋਨੋ ਸਮ ਕਰਿ ਜਾਨੈ" ਕਿਸ ਤਰ੍ਹਾਂ ਸਮਝਣ ? ਸ੍ਰੀ ਗੁਰੂ ਅਰਜਨ ਦੇਵ ਜੀ ਵਰਗਾ ਹੀ ਕੋਈ ਸਮਝ ਸਕਦਾ ਹੈ,

ਜੋ ਤੱਤੀ ਤਵੀ ਉੱਤੇ ਬੈਠੇ ਭੀ :

ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ (ਪੰਨਾ ੩੯੪)

ਸ਼ਾਂਤੀ ਨਾਲ ਕਹਿ ਰਹੇ ਹਨ।

ਇਸ ਵੇਲੇ ਬਿਪਤਾ ਤੇ ਦੁੱਖਾਂ ਤੋਂ ਘਬਰਾਏ ਸਜਣੋਂ, ਇਉਂ ਜਾਣੋ ਕਿ ਪਾਪੀਆਂ ਲਈ ਤਾਂ ਦੁੱਖ ਆਏ ਹਨ। ਉਨ੍ਹਾਂ ਦੇ ਮਾੜੇ ਕੰਮਾਂ ਦਾ ਫਲ ਤੇ ਨੇਕਾਂ ਲਈ ਦੁੱਖ ਆਏ ਹਨ, ਉਨ੍ਹਾਂ ਦੇ ਨੇਕ ਕੰਮਾਂ ਦਾ ਫਲ। ਪਾਪੀਆਂ ਤੇ ਕਮਜ਼ੋਰਾਂ ਨੂੰ ਦੁੱਖ ਗਿਰਾਂਦਾ ਹੈ ਤੇ ਮਹਾਤਮਾ ਤੇ ਨੇਕਾਂ ਨੂੰ ਇਹ ਉਠਾਂਦਾ ਹੈ "ਦੁਖੁ ਦਾਰੂ ਸੁਖੁ ਰੋਗੁ ਭਇਆ"

ਦੁੱਖ-ਸੁਖ ਦਾ ਅਸਰ ਹਰ ਇਕ ਆਦਮੀ ਉੱਤੇ ਉਸ ਦੀ ਆਪਣੀ ਮਾਨਸਕ ਅਵੱਸਥਾ ਮੁਤਾਬਕ ਹੁੰਦਾ ਹੈ। ਦੁੱਖ ਉੱਤਮ ਬੰਦਿਆਂ ਵਿਚ ਤਾਂ ਸ਼ਰਧਾ, ਪ੍ਰੇਮ, ਵਾਹਿਗੁਰੂ ਦਾ ਭਰੋਸਾ ਵਧਾਂਦਾ ਹੈ ਤੇ ਮਾੜਿਆਂ ਨੂੰ ਖੱਡੇ ਸੁੱਟਦਾ ਹੈ। ਇਸ ਲਈ ਸਭ ਲਈ ਇਕੋ ਗੱਲ ਕਹਿਣੀ ਔਖੀ ਹੈ ਕਿ ਦੁੱਖ ਉਸ ਦੇ ਪਾਪਾਂ ਦਾ ਫਲ ਹੈ ਕਿ ਉਸ ਦੇ ਪੁੰਨਾ ਕਰ ਕੇ "ਦਾਰੂ" ਮਿਲਿਆ ਹੈ।

ਦੁੱਖ ਉਹ ਹੀਰਾ ਹੈ, ਜੋ ਕੱਚ ਨੂੰ ਕੱਟ ਦੇਂਦਾ ਹੈ ਤੇ ਹੀਰੇ ਨੂੰ ਚਮਕਾ ਦੇਂਦਾ ਹੈ।

ਦੁੱਖ ਉਹ ਅੱਗ ਹੈ, ਜੋ ਮਲੱਮੇ ਨੂੰ ਲਾਹ ਦੇਂਦੀ ਹੈ ਤੇ ਸੋਨੇ ਨੂੰ ਚਮਕਾ ਦੇਂਦੀ ਹੈ।

ਦੁੱਖ ਉਹ ਉਪਰੇਸ਼ਨ ਹੈ, ਜੋ ਇਕ ਨੂੰ (ਜਿਸ ਦੇ ਅੰਦਰ ਅਜੇ ਤਾਕਤ ਹੈ) ਬੀਮਾਰੀ ਤੋਂ ਰਾਜ਼ੀ ਕਰ ਦੇਂਦਾ ਹੈ ਤੇ ਦੂਜੇ ਨੂੰ (ਜਿਸ ਦੀ ਤਾਕਤ ਰਹਿ ਚੁੱਕੀ ਹੈ) ਮਾਰ ਦੇਂਦਾ ਹੈ।

ਦੁੱਖ ਉਹ ਕੁਸ਼ਤਾ ਹੈ, ਜੋ ਇਕ ਦੀ ਦਵਾਈ ਹੈ ਤੇ ਦੂਜੇ ਦੀ ਮੌਤ ਹੈ।

ਦੁੱਖ ਨੂੰ ਭਗਤ ਜਨ ਸਜ਼ਾ ਨਹੀਂ ਸਮਝਦੇ। ਇਹ ਤਾਂ ਉਸ ਵਾਹਿਗੁਰੂ ਦੀ ਉਸੇ ਤਰ੍ਹਾਂ ਮਿਹਰ ਹੈ, ਜਿਸ ਤਰ੍ਹਾਂ ਸੁਖ ਹੈ। ਦੁੱਖ ਕੁਰਾਹੇ ਤੋਂ ਬਚਾਂਦਾ ਹੈ, ਸੁਖ ਠੀਕ ਰਾਹ ਦਾ ਸਾਈਨ-ਬੋਰਡ (Sign Board) ਹੈ। ਇਹ ਦੋਵੇਂ ਜ਼ਰੂਰੀ ਹਨ। ਪ੍ਰਮਾਤਮਾ ਦੇ ਪ੍ਰੇਮੀ ਵਿਚ ਦੋਵੇਂ ਹੀ ਸ਼ਰਧਾ ਤੇ ਪ੍ਰੇਮ ਦਾ ਸਾਧਨ ਬਣਦੇ ਹਨ ਤੇ ਬੁਰੇ ਨੂੰ ਦੋਵੇਂ ਹੀ ਕੁਰਾਹੇ ਪਾਂਦੇ ਹਨ :

ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ (ਪੰਨਾ ੧੪੯)

ਸੁਖ ਦੁੱਖ ਦੀ ਪ੍ਰਵਾਹ ਨਾ ਕਰੋ। ਇਨ੍ਹਾਂ ਵੱਲ ਧਿਆਨ ਦੇਣਾ ਅਨੰਦ ਤੋਂ ਵਾਂਜਿਆ ਰੱਖਦਾ ਹੈ :

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥ (ਪੰਨਾ ੨੧੮)

* * *

Sri Satguru Jagjit Singh Ji eLibrary NamdhariElibrary@gmail.com

www.archive.org/details/namdhari

## ੩.

# ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ

ਮਾਇਆ ਦੇ ਕਈ ਰੂਪ ਹਨ, ਇਹ ਰੂਪ ਇਤਨੇ ਹਨ ਕਿ ਗਿਣੇ ਨਹੀਂ ਜਾ ਸਕਦੇ ਕਿਉਂਕਿ ਸਮਝ ਨਹੀਂ ਪੈਂਦੀ ਕਿ ਕਿਸ ਢੰਗ ਨਾਲ ਸਾਡੇ ਮਨਾਂ ਤੇ ਆਤਮਾਂ ਉੱਤੇ ਅਸਰ ਪੈ ਰਿਹਾ ਹੈ। ਜੇ ਅਹੰਕਾਰ ਤੋਂ ਬਚ ਭੀ ਜਾਵੀਏ ਤਾਂ ਇਸੇ ਗੱਲ ਦਾ ਅਹੰਕਾਰ ਹੋ ਜਾਂਦਾ ਹੈ ਕਿ ਮੈਂ ਇਤਨਾ ਉੱਤਮ ਹਾਂ ਕਿ ਅਹੰਕਾਰ ਤੋਂ ਬਚ ਨਿਕਲਿਆ ਹਾਂ। ਹਰ ਔਗੁਣ ਤੋਂ ਬਚਣਾ ਤੇ ਹਰ ਗੁਣ ਨੂੰ ਧਾਰਨ ਕਰਨਾ ਭੀ ਨਵੀਂ ਕਿਸਮ ਦਾ ਅਹੰਕਾਰ ਸਾਡੇ ਮਨਾਂ ਵਿਚ ਪੈਦਾ ਕਰ ਦੇਂਦਾ ਹੈ। ਸਚੀ ਗੱਲ ਤਾਂ ਇਹ ਪ੍ਰਤੀਤ ਹੋਂਦੀ ਹੈ ਕਿ ਜੇ ਕੋਈ ਨਿਰਮਾਣ ਹੈ ਤਾਂ ਉਸ ਨੂੰ ਨਿਰਮਾਣਤਾ ਦਾ ਹੀ ਮਾਣ ਹੋ ਜਾਂਦਾ ਹੈ। ਇਹ ਮਾਣ ਅਜੇਹੀ ਪੇਚੀਦਾ ਤੇ ਡੂੰਘੀ ਬੀਮਾਰੀ ਹੈ ਕਿ ਇਸ ਤੋਂ ਕੋਈ ਵਿਰਲਾ ਮਹਾਂ-ਪੁਰਖ ਹੀ ਬਚ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ :

> ਕਬੀਰ ਮਾਇਆ ਤਜੀ ਤ ਕਿਆ ਭਇਆ, ਜਉ ਮਾਨੁ ਤਜਿਆ ਨਹੀ ਜਾਇ ॥
> ਮਾਨ ਮੁਨੀ ਮੁਨਿਵਰ ਗਲੇ, ਮਾਨੁ ਸਭੈ ਕਉ ਖਾਇ॥ (ਪੰਨਾ ੧੩੭੨)

ਇਸ ਮਾਣ ਤੋਂ ਬਚਣਾ ਮਾਇਆ ਤੋਂ ਬਚਣ ਨਾਲੋਂ ਬਹੁਤ ਔਖਾ ਹੈ। ਕਈ ਸੱਜਣ ਇਸ ਮਾਣ ਨੂੰ ਮਾਇਆ ਦੀ ਇਕ ਭਿਆਨਕ ਦਸ਼ਾ ਹੀ ਸਮਝਦੇ ਹਨ ਤੇ ਕਹਿੰਦੇ ਹਨ ਕਿ ਮਾਣ ਰੂਪ ਵਿਚ ਮਾਇਆ ਦਾ ਜਾਲ ਬਹੁਤ ਮਜ਼ਬੂਤ ਹੈ ਤੇ ਇਸ ਦਾ ਹਮਲਾ ਮਹਾਂ-ਪੁਰਖ ਨਜ਼ਰ ਆਵਣ ਵਾਲਿਆਂ ਉੱਤੇ ਸਗੋਂ ਵਧੇਰੇ ਹੁੰਦਾ ਹੈ। ਇਤਨੀ ਗੱਲ ਤੋਂ ਤਾਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਮਾਣ ਤੋਂ ਬਚਣਾ ਸਭ ਤੋਂ ਵੱਧ ਔਖਾ ਹੈ। ਸਗੋਂ ਕਈ ਵੇਰਾਂ ਤਾਂ ਮਾਇਆ ਇਕਤ੍ਰ ਕਰਨ ਦਾ ਨਿਸ਼ਾਨਾ ਭੀ ਮਾਣ ਪ੍ਰਾਪਤ ਕਰਨਾ ਹੀ ਹੈ। ਵੱਡੇ-ਵੱਡੇ ਰਿਖੀ, ਮੁਨੀ ਤੇ ਤਪੀਸਰ ਤਪ ਕਰ ਕੇ ਆਰਜਾ ਵੱਡੀ ਕਰ ਲੈਂਦੇ ਹਨ ਤੇ ਰਿਧੀਆਂ-ਸਿਧੀਆਂ ਪ੍ਰਾਪਤ ਕਰਦੇ ਹਨ।

ਇਹਨਾਂ ਰਿਧੀਆਂ-ਸਿਧੀਆਂ ਨੂੰ ਪ੍ਰਾਪਤ ਕਰਨ ਵਾਲੇ ਤਪੀਸਰਾਂ ਦਾ ਨਿਸ਼ਾਨਾ ਭੀ ਮਾਣ ਪ੍ਰਾਪਤ ਕਰਨਾ ਹੀ ਹੁੰਦਾ ਹੈ। ਨਹੀਂ ਤਾਂ ਵਾਹਿਗੁਰੂ ਦੀ ਪ੍ਰੇਮਾ-ਭਗਤੀ ਨੂੰ ਛੱਡ ਕੇ ਰਿਧੀਆਂ-ਸਿਧੀਆਂ ਦੇ ਸਾਧਨਾ ਵਿਚ ਪੈਣ ਦੀ ਕੀ ਲੋੜ ਸੀ। ਜੋ ਭੀ ਰਿਧੀ-ਸਿਧੀ ਲਈ ਤਪ ਕਰਦਾ ਹੈ, ਉਹ ਜਾਣੋ ਮਾਣਧਾਰੀ ਹੈ। ਇਸੇ ਕਰ ਕੇ ਗੁਰੂ ਸਾਹਿਬ ਨੇ ਰਿਧੀ-ਸਿਧੀ ਨੂੰ ਬਹੁਤ ਨਿੰਦਿਆ ਹੈ ਕਿਉਂਕਿ ਰਿਧੀ-ਸਿਧੀ ਭੀ ਤਾਂ ਇਕ ਇਲਮ ਹੈ ਜਾਂ ਇਕ ਹੁਨਰ ਹੈ, ਜੋ ਮਾਇਆ ਤੇ ਮਾਣ ਦਾ ਸਾਧਨ ਬਣ ਸਕਦਾ ਹੈ। ਗੁਰੂ ਜੀ ਨੇ ਕਿਹਾ ਹੈ ਕਿ "ਧ੍ਰਿਗਿ ਸਿਧਿ ਧ੍ਰਿਗ ਕਰਾਮਤਿ" ਦਸਮ ਗ੍ਰੰਥ ਜੀ ਵਿਚ ਲਿਖਿਆ ਹੈ "ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭਿ ਲੋਗਨ ਕਹ ਆਵਤ ਲਾਜਾ ॥*" ਇਥੇ ਸਿਧੀ ਅਥਵਾ ਕਰਾਮਾਤ ਨੂੰ "ਕੁਕਾਜ" ਅਥਵਾ ਭੈੜਾ ਕੰਮ ਕਿਹਾ

ਹੈ ਪਰ ਗਲਤੀ ਨਾ ਖਾਣਾ ਗੁਰੂ ਸਾਹਿਬ ਨੇ ਉਸ ਸ਼ਕਤੀ ਜਾਂ ਕਰਾਮਾਤ ਨੂੰ ਨਹੀਂ ਨਿੰਦਿਆ, ਜੋ ਸਹਿਜੇ ਹੀ ਪ੍ਰਾਪਤ ਹੋ ਜਾਵੇ। ਗੁਰੂ ਸਾਹਿਬ ਨੇ ਕਿਹਾ ਹੈ ਕਿ "ਸਾ ਸਿਧਿ ਸਾ ਕਰਾਮਤਿ ਹੈ, ਅਚਿੰਤੁ ਕਰੇ ਜਿਸੁ ਦਾਤਿ" ਮਾਇਆ, ਮਾਣ ਤੇ ਕਰਾਮਾਤ ਦੀ ਸ਼ਕਤੀ ਸਭ ਮਾਇਆ ਦਾ ਜਾਲ ਹੀ ਹੈ ਪਰ ਇਹ ਸਭ ਵਸਤੂਆਂ ਗੁਰਮੁਖਾਂ ਤੇ ਮਹਾਂ-ਪੁਰਸ਼ਾਂ ਦੇ ਮਗਰ ਆਉਂਦੀਆਂ ਹਨ। ਉਹ ਮਹਾਂ-ਪੁਰਸ਼ ਵਿਰਲੇ-ਵਿਰਲੇ ਹੀ ਹੁੰਦੇ ਹਨ, ਜੋ ਇਨ੍ਹਾਂ ਸ਼ਕਤੀਆਂ ਨੂੰ ਪ੍ਰਾਪਤ ਕਰ ਕੇ ਭੀ ਇਹਨਾਂ ਤੋਂ ਉੱਤੇ ਰਹਿੰਦੇ ਹਨ :

ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥ (ਪੰਨਾ ੫੧੦)

ਅੱਜ-ਕਲ੍ਹ ਪਬਲਿਕ ਦਾ ਕੰਮ ਕਰਨ ਵਾਲੇ ਸੇਵਕਾਂ ਨੂੰ ਭੀ ਮਾਣ ਜ਼ਰੂਰ ਮਿਲਦਾ ਹੈ ਤੇ ਲੋਕਾਂ ਦੇ ਦਿਲਾਂ ਵਿਚ ਇੱਜ਼ਤ ਦਾ ਹੋਣਾ ਤਾਂ ਸਗੋਂ ਪਬਲਿਕ ਕੰਮ ਕਰਨ ਲਈ ਸਹੂਲਤ ਪੈਦਾ ਕਰਦਾ ਹੈ। ਲੋਕਾਂ ਦੀ ਰਾਇ ਮੁਤਾਬਿਕ ਹੀ ਕੰਮ ਕੀਤਾ ਜਾ ਸਕਦਾ ਹੈ ਤੇ ਲੋਕਾਂ ਦੀ ਰਾਏ ਤਦ ਹੀ ਪਤਾ ਲਗਦੀ ਹੈ ਜੇ ਉਹ ਕਿਸੇ ਕੰਮ ਨੂੰ ਚੰਗਾ ਕਹਿਣ ਜਾਂ ਨਿੰਦਣ ਪਰ ਜੋ ਇਸ ਤਰ੍ਹਾਂ ਲੋਕਾਂ ਵਿਚ ਮਾਣ ਪ੍ਰਾਪਤ ਕਰ ਕੇ ਸੇਵਾ ਨਾਲੋਂ ਮਾਣ ਨੂੰ ਤਰਜੀਹ ਦੇਣ ਲੱਗ ਪੈਂਦਾ ਹੈ, ਉਹ ਇਸ ਦੇ ਜਾਲ ਵਿਚ ਫ਼ਸ ਗਿਆ ਸਮਝੋ। ਚੇਤਾ ਰੱਖੋ, ਪਬਲਿਕ ਸੇਵਕੋ! ਲੋਕਾਂ ਤੋਂ ਮਾਣ ਪ੍ਰਾਪਤ ਕਰ ਕੇ ਲੋਕਾਂ ਦੀ ਸੇਵਾ ਨਾ ਛੱਡੋ, ਬਸ ਇਸ ਥਾਂ ਉੱਤੇ ਕਈ ਸੱਜਣ ਠੋਕਰ ਖਾ ਜਾਂਦੇ ਹਨ। ਜਦ ਉਹਨਾਂ ਨੂੰ ਮਾਣ ਮਿਲ ਜਾਏ ਤਾਂ ਉਹ ਧਰਮ ਤੇ ਫ਼ਰਜ਼ ਨਾਲੋਂ ਮਾਣ ਨੂੰ ਵਧੇਰੇ ਪਿਆਰ ਕਰਨ ਲੱਗ ਜਾਂਦੇ ਹਨ ਤੇ ਇਸ ਤਰ੍ਹਾਂ ਗਿਰ ਜਾਂਦੇ ਹਨ। ਲੀਡਰ ਬਣਦੇ ਹਨ, ਲੋਕਾਂ ਦੀ ਸੇਵਾ ਨਾਲ ਤੇ ਧਰਮ ਦੇ ਪਾਲਣ ਨਾਲ, ਪਰ ਜਦ ਲੀਡਰ ਬਣ ਜਾਂਦੇ ਹਨ ਤਾਂ ਸੇਵਾ ਤੇ ਧਰਮ ਦੋਹਾਂ ਤੋਂ ਵਧੇਰੇ ਲੀਡਰੀ ਪਿਆਰੀ ਹੋ ਜਾਂਦੀ ਹੈ ਤੇ ਇਸ ਤਰ੍ਹਾਂ ਲੀਡਰੀ ਨੂੰ ਚੰਬੜ ਕੇ ਡਿਗ ਜਾਂਦੇ ਹਨ। ਮਾਇਆ ਦੇ ਬੇਅੰਤ ਚੱਕਰ ਹਨ ਤੇ ਉਸ ਗੁਰੂ ਦੀ ਕਿਰਪਾ ਨਾਲ ਇਹਨਾਂ ਤੋਂ ਬਚਿਆ ਜਾ ਸਕਦਾ ਹੈ। ਮਾਇਆ ਦੇ ਫੰਦੀਆਂ ਸਬੰਧੀ ਗੁਰੂ ਜੀ ਨੇ ਕਿਹਾ ਹੈ :

ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ ॥ (ਪੰਨਾ ੭੭੯)

ਇਸ ਬੀਮਾਰੀ ਤੋਂ ਬਚਣ ਦੀ ਬਹੁਤ ਸਖ਼ਤ ਲੋੜ ਹੈ ਕਿਉਂਕਿ

ਤੁਲਸੀ ਐਸੋ ਕੋ ਨ ਜਨਮਿਓ ਜਗੁ ਮਾਹੀਂ॥ ਪ੍ਰਭਤਾ ਪਾਏ ਜਾਸ ਮਧ ਨਾਹੀਂ॥

ਪ੍ਰਭਤਾ ਦੇ ਮਦ ਤੋਂ ਬਚਣ ਨਾਲ ਹੀ ਠੀਕ ਰਾਹ ਟੁਰਿਆ ਜਾ ਸਕਦਾ ਹੈ ਪਰ ਜਿਸ ਨੂੰ ਲੀਡਰੀ ਦਾ ਨਸ਼ਾ ਚੜ੍ਹ ਜਾਏ, ਉਸ ਦਾ ਹਾਲ ਸ਼ਰਾਬੀ ਨਾਲੋਂ ਭੀ ਮਾੜਾ ਹੁੰਦਾ ਹੈ। ਸ਼ਰਾਬੀ ਤਾਂ ਆਪਣਾ ਨੁਕਸਾਨ ਹੀ ਕਰਦਾ ਹੈ ਤੇ ਲੀਡਰੀ ਦੇ ਨਸ਼ੇ ਵਾਲਾ ਆਪਣੇ ਨੁਕਸਾਨ ਦੇ ਨਾਲ ਹੀ ਕੌਮ ਦਾ ਨੁਕਸਾਨ ਭੀ ਕਰਦਾ ਹੈ। ਆਪਣੇ ਆਪਣੇ ਮਨਾਂ ਵਿਚ ਝਾਤੀ ਪਾ ਕੇ ਦੇਖੋ ਕਿ ਤੁਸੀਂ ਕਿਧਰੇ ਸੇਵਾ ਦੀ ਥਾਂ ਨਸ਼ੇ ਵਿਚ ਨੁਕਸਾਨ ਹੀ ਤਾਂ ਨਹੀਂ ਕਰ ਰਹੇ ਹੋ ? ਠਹਿਰੋ, ਸੋਚੋ ਤੇ ਸਮਝੋ :

ਜਲਿ ਜਾਉ ਏਹੁ ਬਡਪਨਾ, ਮਾਇਆ ਲਪਟਾਏ ॥ (ਪੰਨਾ ੭੪੫)

---

ਦਸਮ ਗ੍ਰੰਥ, ਪੰਨਾ ੫੪

Sri Satguru Jagjit Singh Ji eLibrary NamdhariElibrary@gmail.com

## ੪.

# ਸਭ ਗੁਣਾਂ ਦੇ ਵਗ ਜਾਣ ਲਈ ਮੋਰੀ

ਹਰ ਇਕ ਆਦਮੀ ਵਿਚ ਕੁਦਰਤੀ ਤੌਰ 'ਤੇ ਇਹ ਇੱਛਾ ਹੈ ਕਿ ਦੂਜੇ ਲੋਕੀਂ ਉਸ ਨੂੰ ਚੰਗਾ ਸਮਝਣ। ਇਹ ਇੱਛਾ ਉਸ ਨੂੰ ਸੁਸਾਇਟੀ ਦਾ ਬੰਦਾ ਬਣਾਂਦੀ ਹੈ ਤੇ ਉਸ ਦੇ ਚਲਨ ਨੂੰ ਬਹੁਤ ਹੱਦ ਤਕ ਉੱਚਾ ਕਰਦੀ ਹੈ। ਇਹ ਇੱਛਾ ਆਦਮੀ ਨੂੰ ਬਹੁਤ ਸਾਰੇ ਪਾਪਾਂ ਤੇ ਔਗੁਣਾਂ ਤੋਂ ਬਚਾਂਦੀ ਹੈ। ਜਦ ਆਦਮੀ ਵੇਖਦਾ ਹੈ ਕਿ ਫਲਾਣਾ ਕੰਮ ਕੀਤਿਆਂ ਲੋਕੀਂ ਮਾੜਾ ਆਖਣਗੇ, ਤਾਂ ਉਸ ਤੋਂ ਹਟ ਜਾਂਦਾ ਹੈ। ਜਦ ਕੋਈ ਸਮਝਦਾ ਹੈ ਕਿ ਫਲਾਣੀ ਕੁਰਬਾਨੀ ਨੂੰ ਜਾਂ ਫਲਾਣੇ ਕੰਮ ਨੂੰ ਲੋਕੀਂ ਚੰਗਾ ਆਖਣਗੇ ਤਾਂ ਉਹ ਉਸ ਨੂੰ ਕਰਦਾ ਹੈ। ਇਹ ਇੱਜ਼ਤ ਦੀ ਇੱਛਾ ਕੁਦਰਤੀ ਹੈ ਤੇ ਚੰਗੀ ਹੈ ਤੇ ਸੁਸਾਇਟੀ ਦੇ ਭਲੇ ਦੀ ਹੈ ਪਰ ਇਸੇ ਇੱਛਾ ਨੂੰ ਜਦ ਵਿਗਾੜ ਲਿਆ ਜਾਂਦਾ ਹੈ ਤਾਂ ਇਸ ਤੋਂ ਮਾੜੀ ਵੀ ਕੋਈ ਨਹੀਂ ਹੈ। ਇਹ ਸਭ ਗੁਣਾਂ ਦੀ ਜੜ੍ਹ, ਸਭ ਔਗੁਣਾਂ ਦੀ ਜੜ੍ਹ ਬਣ ਜਾਂਦੀ ਹੈ। ਅਜੇਹੀ ਕੁਢੱਬੀ ਸ਼ਕਲ ਪਕੜਨ ਉੱਤੇ ਹੀ ਮੈਂ ਇਸ ਨੂੰ "ਚੌਧਰ" ਦੀ ਇੱਛਾ ਕਹਿੰਦਾ ਹਾਂ।

"ਦੂਜੇ ਲੋਕੀਂ ਮੈਨੂੰ ਦਿਲੋਂ ਚੰਗਾ ਸਮਝਣ" ਇਹ ਚੰਗੀ ਇੱਛਾ ਹੈ। "ਦੂਜੇ ਲੋਕਾਂ ਦੇ ਸਾਹਮਣੇ, ਮੈਂ ਆਪਣੇ ਆਪ ਨੂੰ ਚੰਗਾ ਪ੍ਰਗਟ ਕਰਾਂ" ਇਹ ਮਾੜੀ ਇੱਛਾ ਹੈ। "ਦੂਜਿਆਂ ਦੀ ਦਿਲੀ ਇੱਛਾ ਦਾ ਚਾਹਵਾਨ" ਭੀ ਕੁਰਾਹੇ ਪੈ ਕੇ ਆਪਣੇ ਔਗੁਣ ਲੁਕਾ ਕੇ ਗੁਣ ਪ੍ਰਗਟ ਕਰਨ ਦਾ ਜਤਨ ਕਰਨ ਲੱਗੇ, ਤਾਂ ਉਹ ਭੀ ਪੁੱਠੇ ਰਾਹ ਪਿਆ ਸਮਝੋ। ਦੂਜਿਆਂ ਦੀ ਨਜ਼ਰ ਵਿਚ ਚੰਗਾ ਬਣਨ ਵਾਲਿਆ, **ਪਹਿਲਾਂ ਅਪਣੀ ਨਜ਼ਰ ਵਿਚ ਚੰਗਾ ਬਣ**। ਜਿਸ ਦੇ ਮਨ ਵਿਚ ਆਪਣੇ ਗੁਣਾਂ ਦੀ ਕਦਰ ਹੈ, ਉਹ ਦੂਜਿਆਂ ਦੇ ਮਨਾਂ ਵਿਚ ਭੀ ਪੱਕੀ ਕਦਰ ਪੈਦਾ ਕਰੇਗਾ ਪਰ ਜਿਹਨੂੰ ਪਤਾ ਹੈ ਕਿ ਮੇਰੇ ਵਿਚ ਗੁਣ ਤਾਂ ਨਹੀਂ ਹੈ ਤੇ ਪਖੰਡ ਕਰਕੇ ਹੀ ਇੱਜ਼ਤ ਪੈਦਾ ਕੀਤੀ ਹੈ, ਉਸ ਨੂੰ ਨਿਸਚਾ ਹੋਣਾ ਚਾਹੀਦਾ ਹੈ ਕਿ ਜਦ ਉਸ ਦੇ ਆਪਣੇ ਮਨ ਵਿਚ ਆਪਣੇ ਕਿਸੇ ਗੁਣ ਦੀ ਕਦਰ ਨਹੀਂ ਹੈ ਤਾਂ ਦੂਜਿਆਂ ਦੇ ਮਨਾਂ ਵਿੱਚੋਂ ਇਹ ਖ਼ੋਖਲੀ ਇੱਜ਼ਤ ਛੇਤੀ ਨਿਕਲ ਜਾਏਗੀ। ਮੁਲੱਮਾ ਬਹੁਤ ਚਿਰ ਨਹੀਂ ਟਿਕ ਸਕਦਾ।

ਮੈਂ ਤਾਂ ਇਉਂ ਸਮਝਦਾ ਹਾਂ ਕਿ ਹਰ ਆਦਮੀ ਵਿਚ ਸਾਰੇ ਹੀ ਔਗੁਣਾਂ ਦਾ ਅੰਸ਼ ਮੌਜੂਦ ਹੈ। ਇਕ ਵਧਿਆ ਹੋਇਆ ਗੁਣ ਸਭ ਔਗੁਣਾਂ ਨੂੰ ਨੱਪ ਦੇਂਦਾ ਹੈ ਤੇ ਜੇ ਨਾ ਨੱਪਿਆ ਜਾਵੇ, ਉਸ ਨੂੰ ਢੱਕ ਲੈਂਦਾ ਹੈ। ਇਕ ਬੜੇ ਬਹਾਦਰ ਆਦਮੀ ਵਿਚ ਬਥੇਰੇ ਔਗੁਣ ਹੁੰਦੇ ਹੋਏ ਭੀ ਲੋਕੀਂ ਉਸ ਦੀ ਬਹਾਦਰੀ ਦੀ ਕਦਰ ਕਰਦੇ ਹਨ ਤੇ ਉਸ ਦੇ ਔਗੁਣਾਂ ਵੱਲ ਧਿਆਨ ਹੀ ਨਹੀਂ ਕਰਦੇ। ਇਹੋ ਹਾਲ ਇਕ ਬੜੇ ਲਾਇਕ

Sri Satguru Jagjit Singh Ji eLibrary NamdhariElibrary@gmail.com

ਆਦਮੀ ਦਾ ਹੁੰਦਾ ਹੈ। ਇਕ ਵਧਿਆ ਹੋਇਆ ਗੁਣ ਸਭ ਔਗੁਣਾਂ ਨੂੰ ਗਵਾ ਸਕਦਾ ਹੈ ਤੇ ਜੇ ਕੁਝ ਚਿਰ ਗਵਾ ਨ ਸਕੇ ਤਾਂ ਨੱਪ ਤਾਂ ਛੇਤੀ ਲੈਂਦਾ ਹੈ। ਇਸ ਤਰ੍ਹਾਂ ਇਕ ਵਧਿਆ ਹੋਇਆ ਔਗੁਣ ਭੀ ਸਭ ਗੁਣਾਂ ਉੱਤੇ ਪਾਣੀ ਫੇਰ ਸਕਦਾ ਹੈ, ਗੁਣਾਂ ਦਾ ਸਤਿਆਨਾਸ ਕਰਨ ਵਾਲੇ ਔਗੁਣਾਂ ਵਿੱਚੋਂ ਸਭ ਤੋਂ ਵੱਡਾ ਔਗੁਣ "ਚੌਧਰ" ਦੀ ਇੱਛਾ ਅਥਵਾ ਪਖੰਡ ਜਾਂ ਦਿਖਲਾਵੇ ਨਾਲ ਇੱਜ਼ਤ ਪ੍ਰਾਪਤ ਕਰਨ ਦਾ ਜਤਨ ਹੈ। 'ਚੌਧਰ ਦੀ ਇੱਛਾ' ਇਕ ਅਜੇਹੀ ਮੋਰੀ ਹੈ, ਜਿਸ ਵਿੱਚੋਂ ਸਾਰੇ ਗੁਣ ਵਗ ਜਾਂਦੇ ਹਨ ਤੇ ਸ਼ਰਮ ਹਯਾ ਇਕ ਅਜਿਹਾ ਡੱਬਾ ਹੈ, ਜਿਸ ਵਿਚ ਸਭ ਗੁਣ ਸਾਂਭੇ ਰਹਿੰਦੇ ਹਨ।

ਵੱਡਾ ਬਣੋ, ਵੱਡਾ ਪ੍ਰਗਟ ਹੋਣ ਦਾ ਜਤਨ ਨਾ ਕਰੋ। ਪ੍ਰਗਟ ਹੋਣ ਦਾ ਜਤਨ ਤੁਹਾਡਾ ਵਡਾਪਨ ਨਾਸ ਕਰ ਦੇਂਦਾ ਹੈ। ਮੈਂ ਆਪਣੀ ਉਮਰ ਵਿਚ ਚੰਗੇ-ਚੰਗੇ ਗੁਣਵਾਨ ਬੰਦੇ ਵੇਖੇ ਹਨ, ਜਿਨ੍ਹਾਂ ਦੀ ਮਾਣ ਪ੍ਰਾਪਤ ਕਰਨ ਦੀ ਇੱਛਾ ਵਧੀ ਤੇ ਉਨ੍ਹਾਂ ਨੇ ਚੰਗਾ ਬਣਨ ਦਾ ਜਤਨ ਛੱਡ ਕੇ ਚੰਗਾ 'ਪ੍ਰਗਟ' ਹੋਣ ਦਾ ਜਤਨ ਸ਼ੁਰੂ ਕੀਤਾ। ਨਤੀਜਾ ਇਹ ਨਿਕਲਿਆ ਕਿ ਉਹ ਇਸ ਪਖੰਡ ਵਿਚ ਫਸ ਕੇ ਆਪਣੇ ਅਗਲੇ ਗੁਣ ਭੀ ਗਵਾ ਬੈਠੇ। ਇਸ ਤਰ੍ਹਾਂ ਦੀ ਚੌਧਰੀ ਬਣਨ ਦੀ ਇੱਛਾ ਹੋਛਾਪਨ ਦੀ ਨਿਸ਼ਾਨੀ ਹੈ ਤੇ ਹੋਛਾਪਨ ਵਧਾਣ ਵਾਲੀ ਹੈ। ਜੋ ਬੰਦਾ ਆਪਣੇ ਮਨ ਵਿਚ ਸ਼ਰਮ ਹਯਾ ਰੱਖਦਾ ਹੈ, ਉਹ ਜਲਸੇ-ਜਲੂਸਾਂ ਤੇ ਹੋਰ ਸਾਂਝੀਆਂ ਪਬਲਿਕ ਥਾਵਾਂ 'ਤੇ ਅੱਗੇ ਅੱਗੇ ਹੋਣ ਤੋਂ ਸੰਕੋਚ ਕਰਦਾ ਹੈ। ਉਸ ਨੂੰ ਫਿਕਰ ਹੁੰਦਾ ਹੈ ਕਿ ਮਤਾਂ ਕੋਈ ਕਹਿ ਦੇਵੇ ਕਿ ਪਰੇ ਹੋ ਜਾ। ਜੋ ਬੇਹਯਾ ਹੈ ਉਹ ਅੱਗੇ-ਅੱਗੇ ਹੁੰਦਾ ਹੈ। ਜੇ ਕੋਈ ਪਰੇ ਹਟਾ ਦੇਵੇ, ਤਾਂ ਉਸ ਵਿਚ ਉਹ ਬੇਇਜ਼ਤੀ ਨਹੀਂ ਸਮਝਦਾ, ਕਿਉਂਕਿ ਉਸ ਦੇ ਆਪਣੇ ਮਨ ਵਿਚ ਆਪਣੀ ਇਜ਼ਤ ਹੁੰਦੀ ਹੀ ਨਹੀਂ।

ਫਿਰ ਇਹ ਸਮਝੋ ਕਿ ਹਰ ਆਦਮੀ ਵਿਚ ਗੁਣ ਭੀ ਹਨ ਤੇ ਔਗੁਣ ਭੀ ਹਨ। ਜੋ ਆਪਣੇ ਗੁਣ ਨੰਗੇ ਕਰਦਾ ਹੈ, ਉਹ ਮੁਸ਼ਕਕਾਫੂਰ ਵਾਂਗ ਉੱਡ ਜਾਂਦੇ ਹਨ। ਇਸੇ ਤਰ੍ਹਾਂ ਜੋ ਆਪਣੇ ਔਗੁਣ ਨੰਗੇ ਕਰਦਾ ਹੈ, ਉਹ ਗੰਦਗੀ ਵਾਂਙੂ ਬੋ ਦੇਣੋਂ ਹਟ ਜਾਂਦੇ ਹਨ। ਗੁਣਾਂ ਨੂੰ ਪ੍ਰਗਟ ਕਰਨਾ ਤੇ ਔਗੁਣਾਂ ਨੂੰ ਲੁਕਾਣਾ ਇਕ ਅਜੇਹਾ ਆਮ ਪਖੰਡ ਹੈ, ਜਿਸ ਤੋਂ ਕੋਈ ਵਿਰਲਾ ਹੀ ਬਚਿਆ ਹੋ ਸਕਦਾ ਹੈ ਪਰ ਔਗੁਣ ਨੂੰ ਭੀ ਗੁਣ ਤੇ ਕਮੀ ਨੂੰ ਭੀ ਵਾਧਾ ਪ੍ਰਗਟ ਕਰਨ ਵਾਲੇ ਛਲੀਏ ਤੇ ਹੋਛੇ ਬਹੁਤ ਨੀਵੇਂ ਹਨ। ਇਹ ਆਪਣਾ ਨਾਸ ਭੀ ਕਰਦੇ ਹਨ ਤੇ ਸੁਸਾਇਟੀ ਨੂੰ ਭੀ ਨੁਕਸਾਨ ਪੁਚਾਂਦੇ ਹਨ।

ਜੇ ਤੁਸੀਂ ਆਪਣੇ ਅੱਗੇ-ਪਿੱਛੇ ਨਜ਼ਰ ਮਾਰੋਗੇ ਤੇ ਬਹੁਤ ਸਾਰੇ ਝਗੜਿਆਂ ਦਾ ਕਾਰਨ ਇਹ ਫੋਕੀ ਚੌਧਰ ਦੀ ਇੱਛਾ ਹੀ ਨਜ਼ਰ ਪਏਗੀ। ਪਬਲਿਕ ਲੀਡਰਾਂ ਨੂੰ ਛੱਡ ਕੇ ਸਧਾਰਨ ਪਿੰਡਾਂ ਵਿਚ ਜੋ ਝਗੜੇ ਹਨ, ਉਹਨਾਂ ਦਾ ਕਾਰਨ ਭੀ ਫੋਕਾ ਦਿਖਲਾਵਾ ਤੇ ਬਨਾਵਟੀ ਇੱਜ਼ਤ ਦੀ ਇੱਛਾ ਹੀ ਨਿਕਲੇਗਾ। ਮਾਇਆ ਦੇ ਝਗੜੇ ਇਤਨੇ ਨਹੀਂ ਹਨ, ਜਿਤਨੇ ਮਾਣ ਦੇ ਹਨ। ਫਿਰ ਜਿਤਨਾ ਹੋਛਾਪਨ ਤੇ ਦਿਖਲਾਵਾ

Sri Satguru Jagjit Singh Ji eLibrary NamdhariElibrary@gmail.com

ਇਸ ਮਾਣ ਦੀ ਇੱਛਾ ਵਿਚ ਵਧੇ, ਉਤਨਾ ਹੀ ਖ਼ਤਰਨਾਕ ਤੇ ਗੁਣਾਂ ਦਾ ਨਾਸ ਕਰਨ ਵਾਲਾ ਹੁੰਦਾ ਹੈ।

ਗੁਣਵਾਨ ਪ੍ਰਗਟ ਹੋਣ ਦਾ ਜਤਨ, ਗੁਣ ਗਵਾਂਦਾ ਹੈ, ਵੱਡਾ ਪ੍ਰਗਟ ਹੋਣ ਦਾ ਜਤਨ, ਵਡਾਪਨ ਨਾਸ ਕਰਦਾ ਹੈ ਤੇ ਉੱਚਾ ਨਜ਼ਰ ਆਵਣ ਦੀ ਇੱਛਾ, ਸਿਰ ਨੀਵੇਂ ਕਰਨ ਦਾ ਕਾਰਨ ਬਣਦੀ ਹੈ। ਆਪਣੇ ਮਨ ਦੇ ਨੀਵਾਂਪਨ, ਹੋਛਾਪਨ ਦਿਖਲਾਵੇ ਤੇ ਚੌਧਰ ਦੀ ਨੁਮਾਇਸ਼ ਤੋਂ ਬਚੋ। ਨਹੀਂ ਤਾਂ ਤੁਸੀਂ ਆਪਣੇ ਸਾਰੇ ਗੁਣ ਗਵਾ ਕੇ ਮਰੋਗੇ।

✡ ✡ ✡

Sri Satguru Jagjit Singh Ji eLibrary NamdhariElibrary@gmail.com

www.archive.org/details/namdhari

## ੫.

# ਖ਼ਿਆਲਾਂ ਦਾ ਮਨ 'ਤੇ ਅਸਰ

ਹਰ ਕੋਈ ਦੌਲਤਮੰਦ ਨਹੀਂ ਬਣ ਸਕਦਾ, ਹਰ ਕੋਈ ਲਾਇਕ ਨਹੀਂ ਹੋ ਸਕਦਾ, ਹਰ ਕੋਈ ਵੱਡਾ ਨਹੀਂ ਹੋ ਸਕਦਾ, ਪਰ ਹਰ ਕੋਈ ਨੇਕ ਬਣ ਸਕਦਾ। ਹਰ ਕੋਈ ਆਪਣਾ ਜੀਵਨ ਪਵਿੱਤਰ ਕਰ ਸਕਦਾ ਹੈ, ਦੌਲਤ ਪੈਦਾ ਕਰਨੀ ਆਪਣੇ ਹੱਥ ਨਹੀਂ ਹੈ। ਪਤਾ ਨਹੀਂ ਕਿਥੋਂ ਲਾਭ ਹੋ ਜਾਵੇ ਜਾਂ ਕਿਥੋਂ ਘਾਟਾ ਪੈ ਜਾਵੇ। ਇਸੇ ਤਰ੍ਹਾਂ ਲਾਇਕ ਹੋਣਾ ਵੀ ਆਪਨੇ ਹੱਥ ਨਹੀਂ ਹੈ। ਮਿਹਨਤ ਕਰਨਾ ਤੇ ਪੜ੍ਹਨਾ ਤਾਂ ਭਾਵੇਂ ਆਪਣੇ ਵਸ ਹੈ, ਪਰ ਚੰਗਾ ਦਿਮਾਗ ਹੋਣਾ ਕੁਦਰਤੀ ਗੱਲ ਹੈ। ਕਈਆਂ ਨੂੰ ਕੁਦਰਤ ਨੇ ਹੀ ਚੰਗਾ ਦਿਮਾਗ ਦਿੱਤਾ ਹੈ ਤੇ ਇਹ ਤੇਜ਼ ਸਮਝ ਵਾਲੇ ਪੜ੍ਹ ਕੇ ਜਾਂ ਹੋਰ ਮਿਹਨਤ ਕਰਕੇ ਲਾਇਕ ਬਣ ਸਕਦੇ ਹਨ। ਇਸੇ ਤਰ੍ਹਾਂ ਵੱਡਾ ਹੋਣਾ ਜਾਂ ਮਸ਼ਹੂਰ ਹੋਣਾ ਵੀ ਇਤਫ਼ਾਕ ਦੀ ਗੱਲ ਹੈ। ਕਿਸੇ ਨੂੰ ਮਸ਼ਹੂਰ ਹੋਣ ਦਾ ਮੌਕਾ ਮਿਲਦਾ ਹੈ ਤੇ ਕਿਸੇ ਨੂੰ ਨਹੀਂ ਮਿਲਦਾ। ਇਹ ਠੀਕ ਹੈ ਕਿ ਕਿਸੇ ਨੂੰ ਮੌਕਾ ਮਿਲਦਾ ਹੈ ਤੇ ਉਹ ਗਵਾ ਲੈਂਦਾ ਹੈ ਪਰ ਕਿਸੇ ਨੂੰ ਮੌਕਾ ਮਿਲਦਾ ਹੈ ਤੇ ਉਹ ਸੰਭਾਲ ਲੈਂਦਾ ਹੈ ਪਰ ਫਿਰ ਭੀ ਇਹ ਗੱਲ ਤਾਂ ਕਾਇਮ ਰਹਿੰਦੀ ਹੈ ਕਿ ਦੌਲਤਮੰਦ ਹੋਣਾ, ਲਾਇਕ ਹੋਣਾ ਜਾਂ ਵੱਡਾ ਹੋਣਾ ਆਪਣੇ ਵੱਸ ਦੀ ਗੱਲ ਨਹੀਂ ਹੈ। ਜੇ ਆਪਣੇ ਵੱਸ ਹੁੰਦਾ ਤਾਂ ਸਭ ਹੀ ਅਮੀਰ, ਲਾਇਕ ਤੇ ਵੱਡੇ ਬਣ ਜਾਂਦੇ।

ਪਰ ਇਹ ਤਾਂ ਆਪਣੇ ਵਸ ਦੀ ਗੱਲ ਹੈ ਕਿ ਸੱਚ ਬੋਲੋ, ਝੂਠ ਨਾ ਬੋਲੋ, ਜਾਂ ਧਰਮ ਅਨੁਸਾਰ ਚੱਲੋ ਜਾਂ ਆਪਣਾ ਆਪ ਗੁਰੂ ਅਰਪਨ ਕਰ ਦੇਵੋ। ਆਪਣੇ ਮਨ ਨੂੰ ਸਾਧਨਾ ਤਾਂ ਆਪਣੇ ਵਸ ਦੀ ਗੱਲ ਹੈ। ਸੱਚਾ ਤੇ ਭਰੋਸੇਯੋਗ ਬਣਨ ਲਈ ਅਸਾਂ ਆਪਣੇ ਮਨ ਨੂੰ ਸਾਧਨਾ ਅਥਵਾ ਉੱਚਾ ਕਰਨਾ ਹੈ।

ਸਾਡਾ ਮੁੱਖ ਕੰਮ ਆਪਣੇ ਮਨਾਂ ਨੂੰ ਸਾਧਨਾ ਹੈ। ਜੇ ਅਸੀਂ ਆਪਣੇ ਮਨਾਂ ਨੂੰ ਉੱਚਾ ਕਰਕੇ ਆਪਣੇ ਚਾਲ-ਚਲਨ 'ਤੇ ਇਤਬਾਰ ਕਾਇਮ ਕਰ ਲਈਏ ਤਾਂ ਸਭ ਰਾਹ ਖੁਲ੍ਹ ਜਾਂਦੇ ਹਨ।

ਮਨ ਹੈ ਸਾਡਾ ਖ਼ਿਆਲਾਂ ਦਾ ਬਣਿਆ ਹੋਇਆ। ਹਰ ਖ਼ਿਆਲ ਮਨ ਵਿੱਚੋਂ ਨਿਕਲਦਾ ਹੈ। ਹਰ ਖ਼ਿਆਲ ਮਨ ਉੱਤੇ ਅਸਰ ਪਾਂਦਾ ਹੈ। ਹਰ ਕੰਮ ਚੰਗੇ ਜਾਂ ਮੰਦੇ ਖ਼ਿਆਲ ਪੈਦਾ ਕਰਦਾ ਹੈ। ਜੇ ਤੁਸਾਂ ਨੇਕ ਬਣਨਾ ਹੈ ਜਾਂ ਆਪਣਾ ਚਾਲ-ਚਲਨ ਉੱਚਾ ਕਰਨਾ ਹੈ ਤਾਂ ਹਰ ਖ਼ਿਆਲ ਦਾ ਫ਼ਿਕਰ ਕਰੋ। ਇਕ ਵੇਰਾਂ ਮਨ ਵਿੱਚੋਂ ਜੰਮਿਆਂ ਖ਼ਿਆਲ ਮਨ ਨੂੰ ਕੁਝ ਨਾ ਕੁਝ ਉੱਚਾ ਜਾਂ ਨੀਵਾਂ ਕਰ ਜਾਂਦਾ ਹੈ। ਆਖਰ ਸਾਡਾ ਜੀਵਨ ਸਾਡੇ ਖ਼ਿਆਲਾਂ ਦਾ ਹੀ ਬਣਿਆ ਹੋਇਆ ਹੈ। ਜੇ ਸਾਡੇ ਮਨ ਵਿਚ ਇਕ ਵੇਰਾਂ ਕਾਮ, ਕ੍ਰੋਧ, ਲੋਭ, ਲਾਲਚ ਜਾਂ ਮੋਹ ਦਾ ਖ਼ਿਆਲ ਆਉਂਦਾ ਹੈ ਤਾਂ ਇਹ ਮਤ

Sri Satguru Jagjit Singh Ji eLibrary NamdhariElibrary@gmail.com

ਸਮਝੋ ਕਿ ਖ਼ਿਆਲ ਹਟ ਗਿਆ ਹੈ ਤੇ ਉਸ ਦਾ ਅਸਰ ਵੀ ਹਟ ਗਿਆ। ਉਹ ਖ਼ਿਆਲ ਕੁਝ ਨਾ ਕੁਝ ਮਨ 'ਤੇ ਅਸਰ ਜ਼ਰੂਰ ਛੱਡ ਜਾਂਦਾ ਹੈ। ਜੇ ਤੁਸਾਂ ਆਪਣਾ ਜੀਵਨ ਉੱਚਾ ਕਰਨਾ ਹੈ ਤਾਂ ਹਰ ਬੁਰੇ ਖ਼ਿਆਲ ਨੂੰ ਮਨ ਵਿਚ ਵੜਨੋਂ ਰੋਕੋ। ਜੇ ਇਕ ਬੁਰਾ ਖ਼ਿਆਲ ਮਨ ਵਿਚ ਮੋਰੀ ਕਰਕੇ ਵੜ ਜਾਵੇਗਾ ਤਾਂ ਦੂਜੇ ਲਈ ਤਾਂ ਰਾਹ ਬਣ ਗਿਆ। ਜਿਉਂ-ਜਿਉਂ ਬੁਰੇ ਖ਼ਿਆਲ ਮਨ ਵਿਚ ਵੜਨਗੇ, ਉਹ ਦੂਜੇ ਬੁਰੇ ਖ਼ਿਆਲਾਂ ਦੇ ਵੜਨ ਲਈ ਰਾਹ ਮੋਕਲਾ ਕਰਦੇ ਜਾਣਗੇ। ਰੋਕੋ ਤੇ ਪਹਿਲੇ ਬੁਰੇ ਖ਼ਿਆਲ ਨੂੰ ਰੋਕੋ, ਕਿਉਂਕਿ ਪਹਿਲੇ ਤੋਂ ਦੂਜਾ ਰੋਕਣਾ ਵਧੇਰੇ ਔਖਾ ਹੈ ਤੇ ਦੂਜੇ ਤੋਂ ਤੀਜਾ ਹੋਰ ਵਧੇਰੇ, ਇਸੇ ਤਰ੍ਹਾਂ ਅਗਾਹਾਂ ਸਮਝੀ ਚਲੋ ਪਰ ਇਸ ਦਾ ਇਹ ਮਤਲਬ ਨਹੀਂ ਕਿ ਜੇ ਤੁਸੀਂ ਕਿਸੇ ਬੁਰੇ ਖ਼ਿਆਲ ਅੱਗੇ ਢਹਿ ਚੁੱਕੇ ਹੋ ਤਾਂ ਦਮ ਹੀ ਛੱਡ ਦੇਵੋ ਤੇ ਇਉਂ ਸਮਝ ਜਾਵੋ ਕਿ ਹੁਣ ਤਾਂ ਮਾੜੇ ਬਣ ਚੁੱਕੇ ਹਾਂ, ਹੁਣ ਕੀ ਵਾਹ ਹੈ। ਵਾਹ ਹੈ ਤੇ ਜਦ ਤੱਕ ਆਦਮੀ ਜੀਉਂਦਾ ਹੈ ਵਾਹ ਹੈ। ਕੇਵਲ ਇਤਨੀ ਗੱਲ ਹੈ ਕਿ ਜਿਤਨਾ ਸਾਡਾ ਚਾਲ-ਚਲਨ ਨੀਵਾਂ ਹੋ ਚੁੱਕਾ ਹੈ, ਉਤਨਾ ਵਧੇਰੇ ਪੱਕਾ ਮਨ ਕਰਕੇ ਖ਼ਿਆਲਾਂ ਨਾਲ ਚੰਗੇ ਖ਼ਿਆਲਾਂ ਦੀ ਮੱਦਦ ਲੈ ਕੇ ਟਕਰਨਾ ਪਵੇਗਾ :

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥ (ਪੰਨਾ ੪)

ਜਿਸ ਤਰ੍ਹਾਂ ਹਰ ਬੁਰਾ ਖ਼ਿਆਲ ਮਨ ਨੂੰ ਕੁਝ ਨਾ ਕੁਝ ਨੀਵਾਂ ਕਰ ਜਾਂਦਾ ਹੈ, ਇਸੇ ਤਰ੍ਹਾਂ ਹਰ ਉੱਚਾ ਖ਼ਿਆਲ ਕੁਝ ਨਾ ਕੁਝ ਮਨ ਨੂੰ ਉੱਚਾ ਵੀ ਕਰ ਜਾਂਦਾ ਹੈ। ਇਸੇ ਕਰਕੇ ਗੁਰੂ ਸਾਹਿਬ ਨੇ ਸਤਸੰਗਤ 'ਤੇ ਗੁਰਬਾਣੀ ਪੜ੍ਹਨ ਉੱਤੇ ਜ਼ੋਰ ਦਿੱਤਾ ਹੈ। ਸ਼ਰਧਾ ਨਾਲ ਬਾਣੀ ਪੜ੍ਹਨਾ ਤਾਂ ਆਤਮਕ ਅਕਾਸ਼ ਵਿਚ ਉਡਾਰੀਆਂ ਲਵਾਂਦਾ ਹੈ ਪਰ ਜੇ ਸਧਾਰਨ ਤੌਰ 'ਤੇ ਬਾਣੀ ਦੇ ਉੱਤਮ ਖ਼ਿਆਲ ਮਨ ਵਿੱਚੋਂ ਲੰਘ ਭੀ ਜਾਣ ਤਾਂ ਉਹ ਭੀ ਪਿੱਛੇ ਚੰਗਾ ਅਸਰ ਛੱਡ ਜਾਂਦੇ ਹਨ।

ਇਸ ਲਈ ਅਸੀਂ ਦ੍ਰਿੜ੍ਹ ਇਰਾਦਾ ਕਰਕੇ ਆਪਣਾ ਚਾਲ-ਚਲਨ ਬਣਾਈਏ। ਨੇਕ ਬੰਦਿਆਂ ਦੀ ਸੰਗਤ ਤੇ ਨੇਕ ਖ਼ਿਆਲਾਂ ਵਾਲੀਆਂ ਪੁਸਤਕਾਂ ਦੀ ਭੀ ਮੱਦਦ ਲਈਏ।

ਬੱਸ, ਨੇਕ ਬਣੋ! ਉਚੇ ਚਾਲ-ਚਲਨ ਵਾਲੇ ਹੋਵੋ। ਇਹ ਤਾਂ ਤੁਸੀਂ ਬਣਦੇ ਨਹੀਂ, ਜੋ ਤੁਹਾਡੇ ਵੱਸ ਵਿਚ ਹੈ ਤੇ ਉਨ੍ਹਾਂ ਵਸਤੂਆਂ ਵੱਲ ਭਜਦੇ ਹੋ, ਜੋ ਤੁਹਾਡੇ ਵਸ ਵਿਚ ਨਹੀਂ ਹਨ। ਦੌਲਤਮੰਦ ਬਣਨਾ, ਵੱਡਾ ਬਣਨਾ, ਲਾਇਕ ਬਣਨਾ ਤਾਂ ਤੁਹਾਡੇ ਵਸ ਦੀ ਗੱਲ ਨਹੀਂ ਹੈ।

ਉੱਠੋ, ਹਿੰਮਤ ਨਾ ਹਾਰੋ, ਕਮਰਕੱਸੇ ਕਰ ਲਵੋ ਤੇ ਆਪਣੀ ਗਈ ਹੋਈ ਸ਼ਾਨ ਵਾਪਸ ਕਰਨ ਦਾ ਮੁਢਲਾ ਸਾਧਨ (ਚਾਲ-ਚਲਨ ਉੱਚਾ ਕਰਨਾ) ਸਾਧ ਲਵੋ, ਹੁਣ ਅੱਗੋਂ ਨਾ ਕੋਈ ਬੁਰਾ ਖ਼ਿਆਲ ਮਨ ਵਿਚ ਵੜਨ ਦੇਣਾ ਤੇ ਨਾ ਕੋਈ ਅਜਿਹਾ ਕੰਮ ਕਰਨਾ, ਜਿਸ ਨਾਲ ਕੋਈ ਬੁਰਾ ਖ਼ਿਆਲ ਪੈਦਾ ਹੀ ਹੋਵੇ। ਇਸ ਤਰ੍ਹਾਂ ਮੁੱਢ ਜੋਤਰੇ ਤੇ ਗੁਰੂ ਦੀ ਕਿਰਪਾ ਮੰਗੋ, ਕਿਉਂਕਿ ਗੁਰੂ ਦੀ ਕਿਰਪਾ ਮੰਗਣੀ ਤੇ ਉਸ ਕਿਰਪਾ

Sri Satguru Jagjit Singh Ji eLibrary NamdhariElibrary@gmail.com

ਦੀ ਆਸ ਕਰਨੀ ਹੀ ਸਭ ਨੇਕ ਖ਼ਿਆਲਾਂ ਦੀ ਅੰਤਰਵ ਸਾਧਨਾ ਹੈ। ਜੇ ਨੇਕ ਕੰਮ ਕਰਦਿਆਂ ਤੁਸੀਂ ਆਪਣੀ ਹਿੰਮਤ ਜਾਂ ਹਠ ਉੱਤੇ ਆਸ ਰਖਦੇ ਹੋ, ਤਾਂ ਜਿਥੇ ਕੋਈ ਨੇਕ ਕੰਮ ਮਨ ਵਿਚ ਵਾੜ ਰਹੇ ਹੋ, ਉਥੇ ਹਉਮੈ (ਅਹੰਕਾਰ) ਭੀ ਵਧਾ ਰਹੇ ਹੋ। ਨੇਕ ਕੰਮ ਕਰੋ ਨੇਕ ਖ਼ਿਆਲ ਮਨ ਵਿਚ ਲਿਆਓ, ਬੁਰੇ ਕੰਮ ਛੱਡੋ, ਬੁਰੇ ਖ਼ਿਆਲ ਮਨ ਵਿੱਚੋਂ ਕੱਢੋ, ਤੇ ਇਹ ਕੁਝ ਕਰਦਿਆਂ ਉਸ ਵਾਹਿਗੁਰੂ ਦੀ ਕਿਰਪਾ 'ਤੇ ਆਸ ਰੱਖ ਦੇ ਹੋਏ, ਉਸ ਦੀ ਕਿਰਪਾ ਵੀ ਮੰਗੋ।

✡ ✡ ✡

Sri Satguru Jagjit Singh Ji eLibrary NamdhariElibrary@gmail.com

## ੬.

# ਪਖੰਡ, ਬਨਾਵਟ, ਵਹਿਮ ਤੇ ਸ਼ਰਧਾ

ਵਾਹਿਗੁਰੂ ਨੇ ਸਾਨੂੰ ਰਾਹ ਦੱਸਣ ਲਈ ਇਕੋ ਅਕਲ ਦਾ ਦੀਵਾ ਬਖ਼ਸ਼ਿਆ ਹੈ ਪਰ ਇਸ ਦਾ ਚਾਨਣਾ ਇਤਨਾ ਛੋਟਾ ਤੇ ਧੁੰਦਲਾ ਹੈ ਕਿ ਕਈ ਵੇਰਾਂ ਰਾਹ ਦੱਸਣ ਦੀ ਥਾਂ ਇਹ ਸਾਨੂੰ ਰਾਹ ਭੁਲਾ ਦਿੰਦਾ ਹੈ। ਡਾਢੀ ਹਨੇਰੀ ਰਾਤ ਵਿਚ ਮਧਮ ਜਿਹੀ ਰੌਸ਼ਨੀ ਵਾਲਾ ਦੀਵਾ ਹੱਥ ਵਿਚ ਲੈ ਕੇ ਤੁਰੋ ਤੇ ਪਤਾ ਲੱਗ ਜਾਏਗਾ ਕਿ ਕਿਸ ਤਰ੍ਹਾਂ ਇਸ ਥੋੜ੍ਹੇ ਚਾਨਣੇ ਦਾ ਅਸਰ ਸਾਨੂੰ ਰਾਹ ਭੁਲਾਣ ਲਈ ਭੀ ਪੈ ਜਾਂਦਾ ਹੈ। ਜਿਨ੍ਹਾਂ ਤਜ਼ਰਬੇਕਾਰ ਜਾਂ ਸਿਆਣੇ ਆਦਮੀਆਂ ਨੂੰ ਇਹ ਧੁੰਦਲੇ ਚਾਨਣੇ ਦੇ ਖ਼ਤਰੇ ਦਾ ਭੀ ਪਤਾ ਹੈ, ਉਹ ਤਾਂ ਇਸ ਤੋਂ ਲਾਭ ਉੱਠਾ ਸਕਦੇ ਹਨ ਪਰ ਜਿਨ੍ਹਾਂ ਨੂੰ ਨਹੀਂ ਪਤਾ ਉਹ ਉਲਟਾ ਕੁਰਾਹੇ ਭੀ ਪੈ ਸਕਦੇ ਹਨ। ਸੱਜਣਾਂ ਨੂੰ ਪਤਾ ਹੋਣਾ ਹੈ ਕਿ ਧੁੰਦਲੇ ਚਾਨਣੇ ਵਿਚ ਕਈ ਵੇਰਾਂ ਪਾਣੀ ਦੀ ਛੱਪੜੀ ਤਾਂ ਸੁੱਕੀ ਥਾਂ ਜਾਪਦੀ ਹੈ ਤੇ ਸੁੱਕੀ ਥਾਂ ਪਾਣੀ ਜਾਪਦਾ ਹੈ। ਇਸੇ ਤਰ੍ਹਾਂ ਕਈ ਵੇਰਾਂ ਪੁੱਟਿਆ ਹੋਇਆ ਟੋਆ ਸਗੋਂ ਵਧੇਰੇ ਸਾਫ਼ ਰਾਹ ਜਾਪਦਾ ਹੈ। ਮੈਂ ਆਪ ਕਈ ਵੇਰਾਂ ਸੁੱਕੀ ਥਾਂ ਸਮਝ ਕੇ ਪਾਣੀ ਦੀ ਛੱਪੜੀ ਵਿਚ ਕਾਲੀ ਰਾਤ ਨੂੰ ਥੋੜ੍ਹੇ ਚਾਨਣੇ ਵਿਚ ਵੜ ਗਿਆ ਹਾਂ ਤੇ ਇਕ ਵੇਰਾਂ ਤਾਂ ਮੱਧਮ ਜਿਹੀ ਲਾਲਟੈਨ ਹੱਥ ਵਿਚ ਲੈ ਕੇ ਟੋਏ ਵਿਚ ਡਿੱਗ ਪਿਆ ਸਾਂ।

ਸੱਚ ਜਾਣੋਂ ਕਿ ਸਾਡੀ ਅਕਲ ਇਸ ਮਧਮ ਚਾਨਣ ਨਾਲੋਂ ਭੀ ਵੱਧ ਮਧਮ ਹੈ। ਪਰ ਹੋਰ ਕੋਈ ਚਾਨਣਾ ਨਾ ਹੋਣ ਕਰਕੇ ਵਰਤਣਾ ਤਾਂ ਇਸੇ ਨੂੰ ਹੀ ਹੈ। ਲੋੜ ਕੇਵਲ ਇਤਨੀ ਸਮਝ ਦੀ ਹੈ ਕਿ ਇਸ ਅਕਲ ਦੇ ਚਾਨਣ ਨੂੰ ਉਤਨਾ ਹੀ ਸਮਝੀਏ, ਜਿਤਨਾ ਕਿ ਇਹ ਹੈ ਤੇ ਅਸਲ ਭਰੋਸਾ ਕਰੀਏ, ਇਸ ਅਕਲ ਦੇ ਪਿੱਛੇ ਜੋ ਅਕਲ ਹੈ। ਅਸਲ ਅਕਲ ਹੈ, ਆਪਣੀ ਅਕਲ ਉੱਤੇ ਭਰੋਸਾ ਕਰਨ ਦੀ ਥਾਂ ਗੁਪਤ ਸ਼ਕਤੀ ਉੱਤੇ ਭਰੋਸਾ ਕਰਨਾ, ਜਿਸ ਸ਼ਕਤੀ ਦੀ ਇਕ ਕਿਰਨ ਇਹ ਸਾਡੀ ਅਕਲ ਹੈ। ਅਕਲ ਵਰਤੋ ਪਰ ਇਸ ਦੀ ਵੱਧ ਕੀਮਤ ਨਾ ਸਮਝੋ। ਜੇ ਤੁਸੀਂ ਨਾਸਤਕ ਹੋ ਤਾਂ ਭੀ ਇਹ ਗੱਲ ਤਾਂ ਤੁਹਾਨੂੰ ਮੰਨਣੀ ਪਵੇਗੀ ਕਿ ਇਸ ਦੁਨੀਆਂ ਵਿਚ ਇਤਨੀਆਂ ਗੁਪਤ ਸ਼ਕਤੀਆਂ ਤੇ ਸਾਡੀ ਸਮਝ ਤੋਂ ਪਰੇ ਹਾਲਾਤ ਹਨ ਤੇ ਇਤਨੀਆਂ ਗੱਲਾਂ ਹਰ ਗੱਲ ਉੱਤੇ ਅਸਰ ਪਾਣ ਵਾਲੀਆਂ ਹਨ ਕਿ ਸਾਡੀ ਅਕਲ ਐਵੇਂ ਹੀ ਹਨ੍ਹੇਰੀ ਵਿਚ ਉਡਦੇ ਕੱਖ ਵਾਂਗੂੰ ਹੈ। ਹਨ੍ਹੇਰੀ ਜਿਧਰ ਚਾਹੇ ਕੱਖ ਨੂੰ ਉਡਾ ਲੈ ਜਾਂਦੀ ਹੈ ਤੇ ਕੱਖ ਦੀ ਉੱਕੀ ਸ਼ਕਤੀ ਕੰਮ ਨਹੀਂ ਆ ਸਕਦੀ। ਇਸ ਗੱਲ ਨੂੰ ਸਮਝ ਲੈਣਾ ਹੀ ਅਸਲ ਅਕਲ ਹੈ। ਅਕਲ ਵਰਤੋ ਪਰ ਅਕਲ ਨਾਲੋਂ ਕਿਧਰੇ ਵੱਡੀ ਅਕਲ ਉੱਤੋਂ ਭਰੋਸਾ ਨਾ ਹਟਾਓ। ਗੁਰੂ ਸਾਹਿਬ ਨੇ ਇਸੇ ਭਾਵ ਵਿਚ ਕਿਹਾ ਹੈ :-

Sri Satguru Jagjit Singh Ji eLibrary NamdhariElibrary@gmail.com

ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥ (ਪੰਨਾ ੭੬੩)

ਮਨ ਮਤੀਏ ਨਾ ਬਣੋ। ਇਹ ਨਿਸਚਾ ਕਰ ਲਵੋ ਕਿ ਅਜੇਹੀਆਂ ਸ਼ਕਤੀਆਂ ਹਨ ਜੋ ਸਾਡੀ ਸਮਝ ਤੋਂ ਪਰ੍ਹੇ ਹਨ ਪਰ ਹੋਰ ਥਾਂ ਤੇ ਹੋਰ ਸ਼ਕਤੀਆਂ ਦੀ ਸਹਾਇਤਾ ਭੀ ਤਾਂ ਆਪਣੀ ਅਕਲ ਨਾਲ ਹੀ ਲਈ ਜਾ ਸਕਦੀ ਹੈ :

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ (ਪੰਨਾ ੧੨੪੫)

ਅਕਲ ਬਿਨਾਂ ਤਾਂ ਆਪਣੀ ਅਕਲ ਠੀਕ ਢੰਗ ਨਾਲ ਤਿਆਗੀ ਭੀ ਨਹੀਂ ਜਾ ਸਕਦੀ ਤੇ ਜੋ ਕੁਢੰਗਾ ਤਿਆਗਦਾ ਹੈ, ਉਹ ਪਖੰਡੀਆਂ ਦੇ ਢਹੇ ਚੜ੍ਹ ਜਾਂਦਾ ਹੈ। ਇਸ ਲਈ ਅਕਲ ਨਾਲ ਅਕਲ ਤਿਆਗੋ ਤੇ ਅਕਲ ਤਿਆਗ ਕੇ ਵੱਡੀ ਅਕਲ ਗ੍ਰਹਿਣ ਕਰੋ। ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤ ਲਵੋ। ਇਹ ਨਾ ਹੋਵੇ ਕਿ ਮਨ ਦੀ ਮਤ ਤਿਆਗ ਤਾਂ ਦੇਵੋ ਤੇ ਗੁਰੂ ਕੀ ਮਤ ਦੀ ਥਾਂ ਤੁਹਾਡੇ ਅੰਦਰ ਕਿਸੇ ਸ਼ੈਤਾਨ ਦੀ ਮੱਤ ਆ ਜਾਵੇ।

ਇਹ ਗੱਲ ਤਾਂ ਹਰ ਕੋਈ ਮੰਨਦਾ ਹੈ ਕਿ ਸਾਡੇ ਉੱਤੇ ਸਾਡੀ ਅਕਲ ਤੇ ਸਾਡੇ ਕੰਮਾਂ ਤੋਂ ਵੱਧ ਅਸਰ ਸਾਡੇ ਅੰਦਰ ਪੈਦਾ ਹੋਏ ਜਜ਼ਬਾਤ ਕਰਦੇ ਹਨ। ਇਨ੍ਹਾਂ ਸਭ ਜਜ਼ਬਾਤ ਦਾ ਮੋਢੀ ਪ੍ਰੇਮ ਦਾ ਜਜ਼ਬਾ ਹੈ, ਜੋ ਉਲਟ ਕੇ ਵਿਗੜ ਕੇ ਜਾਂ ਥੋੜ੍ਹਾ ਬਦਲ ਕੇ ਹੋਰ ਕਈ ਚੰਗੀਆਂ-ਮੰਦੀਆਂ ਸ਼ਕਲਾਂ ਧਾਰਨ ਕਰ ਲੈਂਦਾ ਹੈ। ਕਾਮ, ਕ੍ਰੋਧ, ਮੋਹ, ਅਹੰਕਾਰ ਆਦਿ ਸਭ ਇਸ ਪ੍ਰੇਮ ਦੇ ਜਜ਼ਬੇ ਦੀਆਂ ਵਿਗੜੀਆਂ ਹੋਈਆਂ ਸ਼ਕਲਾਂ ਹੀ ਹਨ।

ਦਲੀਲਾਂ ਨਾਲ ਇਹ ਸਮਝਿਆ ਨਹੀਂ ਜਾ ਸਕਦਾ ਕਿ ਪ੍ਰੇਮ ਦਾ ਜਜ਼ਬਾ ਹੀ ਸਾਨੂੰ ਚੁੱਕ ਕੇ ਅਸਲ ਜੀਵਨ ਨਾਲ ਜੋੜਦਾ ਹੈ। ਬੱਸ ਜਿਸ ਤਰ੍ਹਾਂ ਪ੍ਰੇਮ ਦਾ ਜਜ਼ਬਾ ਅੰਦਰ ਮਾਲੂਮ ਹੀ ਕੀਤਾ ਜਾ ਸਕਦਾ ਹੈ ਤੇ ਸਮਝਾਇਆ ਨਹੀਂ ਜਾ ਸਕਦਾ, ਇਸੇ ਤਰ੍ਹਾਂ ਇਸ ਤੋਂ ਪੈਦਾ ਹੋਇਆ ਸਦੀਵ-ਆਤਮਕ ਜੀਵਨ ਭੀ ਅੰਦਰ ਅਨੁਭਵ ਵਿਚ ਮਹਿਸੂਸ ਹੀ ਕੀਤਾ ਜਾ ਸਕਦਾ ਹੈ ਤੇ ਸਮਝਾਇਆ ਨਹੀਂ ਜਾ ਸਕਦਾ।

ਇਸ ਪ੍ਰੇਮ ਦੀ ਦਸ਼ਾ ਪੈਦਾ ਕਰਨ ਦੇ ਕਈ ਸਾਧਨ ਹਨ ਤੇ ਇਸ ਦੇ ਰਾਹ ਵਿਚ ਕਈ ਰੋਕਾਂ ਹਨ। ਸਭ ਤੋਂ ਵੱਡਾ ਤਰੀਕਾ ਜਿਸ ਉੱਤੇ ਸਭ ਆਸਤਕ ਨਿਸਚਾ ਕਰਦੇ ਹਨ; ਉਹ ਹੈ ਨਾਮ, ਸੇਵਾ, ਦਾਨ ਆਦਿਕ ਪਰ ਇਨ੍ਹਾਂ ਸਭ ਦੇ ਰਾਹ ਵਿਚ ਰੋਕ ਹੈ—ਪਖੰਡ, ਅਸ਼ਰਧਾ, ਵਹਿਮ ਤੇ ਬਨਾਵਟ। ਆਪਣੇ ਮਨ ਨੂੰ ਪਵਿੱਤਰ ਕਰਨ ਲਈ ਤੇ ਆਤਮਾ ਨੂੰ ਚੁੱਕਣ ਲਈ ਉਸ ਵਾਹਿਗੁਰੂ ਦੇ ਪ੍ਰੇਮ ਵਿਚ ਮਗਨ ਹੋਣਾ ਹੀ ਹੈ। ਇਸ ਪ੍ਰੇਮ ਦੇ ਭਾਵ ਨੂੰ ਪੈਦਾ ਕਰਨ ਲਈ ਹੀ ਨਾਮ ਹੈ, ਦਾਨ ਹੈ ਤੇ ਸੇਵਾ ਹੈ। ਜੇ ਇਨ੍ਹਾਂ ਵਿੱਚੋਂ ਪ੍ਰੇਮ ਪੈਦਾ ਨਹੀਂ ਹੁੰਦਾ ਤਾਂ ਇਹ ਸਮਝ ਲਵੋ ਕਿ ਤੁਸੀਂ ਇਨ੍ਹਾਂ ਗੁਣਾਂ ਵਿਚ ਨਹੀਂ ਪਏ, ਜੋ ਸਗੋਂ ਪਖੰਡ, ਵਹਿਮ ਜਾਂ ਬਨਾਵਟ ਵਿਚ ਫਸੇ ਹੋਏ ਹੋ। ਸੋ ਇਸ ਲਈ ਮੈਂ ਇਨ੍ਹਾਂ ਨੀਵੇਂ ਜਜ਼ਬਿਆਂ ਉੱਤੇ ਥੋੜ੍ਹੀ ਜਿਹੀ ਵਿਚਾਰ ਕਰਦਾ ਹਾਂ।

ਸਭ ਤੋਂ ਨੀਵੀਂ ਵਸਤੂ ਹੈ ਪਖੰਡ। ਇਹ ਪਖੰਡ ਨਾ-ਕੇਵਲ ਵਾਹਿਗੁਰੂ ਤੋਂ ਪਰੇ ਹੀ ਰੱਖਦਾ ਹੈ, ਸਗੋਂ ਪੂਰੀ ਨਾਸਤਕਤਾ ਦਾ ਨਿਸ਼ਾਨ ਹੈ। ਪਖੰਡੀ ਦਾ ਮੰਤਵ ਹੀ

Sri Satguru Jagjit Singh Ji eLibrary NamdhariElibrary@gmail.com

ਇਸ ਦੁਨੀਆਂ ਦੇ ਲਾਭ ਉਠਾਣਾ ਹੈ। ਉਹ ਅਸਲ ਵਿਚ ਵਾਹਿਗੁਰੂ ਉੱਤੇ ਨਿਸਚਾ ਹੀ ਨਹੀਂ ਰਖਦਾ। ਉਹ ਤਾਂ ਲੋਕਾਂ ਦੇ ਨਿਸਚੇ ਜਾਂ ਵਹਿਮ ਤੋਂ ਲਾਭ ਉਠਾ ਕੇ ਆਪਣੇ ਦੁਨਿਆਵੀ ਮੰਤਵ ਪੂਰੇ ਕਰਦਾ ਹੈ, ਜਿਨ੍ਹਾਂ ਦੇ ਪੂਰੇ ਕਰਨ ਦੇ ਯਤਨ ਵਿਚ ਆਪ ਹੀ ਪੂਰਾ ਹੋ ਜਾਂਦਾ ਹੈ, ਅਥਵਾ ਮਰ ਮੁੱਕ ਜਾਂਦਾ ਹੈ।

ਪਖੰਡ ਨੂੰ ਛੱਡ ਕੇ ਦੂਜੀਆਂ ਗੱਲਾਂ ਭੀ ਅਜਿਹੀਆਂ ਹਨ, ਜੋ ਰੋਕ ਸਾਬਤ ਹੋ ਸਕਦੀਆਂ ਹਨ। ਵਹਿਮੀ ਭੋਲਾ ਹੈ ਜੋ ਅਸਲੀਅਤ ਨੂੰ ਪਛਾਣੇ ਬਿਨਾਂ ਨਕਲ ਦੇ ਮਗਰ ਦੌੜਦਾ ਹੈ। ਵਹਿਮੀ ਬਣਦਾ ਹੈ ਆਦਮੀ ਡਰ ਜਾਂ ਲਾਲਚ ਦੇ ਅਸਰ ਹੇਠਾਂ। ਕੋਈ ਤਾਂ ਗੁੱਗੇ ਪੀਰ, ਮੜ੍ਹੀ ਮਸਾਣ ਆਦਿ ਇਸ ਕਰਕੇ ਪੂਜਦਾ ਹੈ ਕਿ ਉਸ ਵਿੱਚੋਂ ਕੋਈ ਲਾਭ ਲੱਭਦਾ ਹੈ, ਕੋਈ ਇਸ ਕਰਕੇ ਹੋਰ ਵਹਿਮਾਂ ਵਿਚ ਪੈਂਦਾ ਹੈ ਕਿ ਉਹ ਡਰਦਾ ਹੈ। ਪ੍ਰੇਮ ਦੇ ਜਜ਼ਬੇ ਹੇਠਾਂ ਜੇ ਕੋਈ ਵਹਿਮੀ ਭੀ ਬਣੇ ਤਾਂ ਭੀ ਉਹ ਛੇਤੀ ਹੀ ਸਿੱਧੇ ਰਾਹ ਆ ਜਾਂਦਾ ਹੈ। ਜਿਸ ਤਰ੍ਹਾਂ ਨਾਮਦੇਵ ਜੀ ਆ ਗਏ ਸਨ ਪਰ ਇਹ ਪ੍ਰੇਮ ਦਾ ਜਜ਼ਬਾ ਪੈਦਾ ਕਿਸ ਤਰ੍ਹਾਂ ਹੋਵੇ ? ਇਸ ਲਈ ਭੀ ਸੇਵਾ, ਨਾਮ ਤੇ ਦਾਨ ਦੀ ਲੋੜ ਹੈ। ਪਹਿਲਾਂ ਇਹ ਗੁਣ ਬਨਾਵਟੀ ਜਿਹੇ ਧਾਰਨ ਕਰਨੇ ਪੈਣਗੇ। ਮੈਂ ਪਖੰਡ ਦੇ ਵਿਰੁੱਧ ਹਾਂ, ਬਨਾਵਟ ਦੇ ਵਿਰੁੱਧ ਨਹੀਂ ਹਾਂ। ਮੈਂ ਬਨਾਵਟ ਉਸ ਨੂੰ ਕਹਿ ਰਿਹਾ ਹਾਂ ਜੋ ਅਸਲੀਅਤ ਨੂੰ ਪੈਦਾ ਕਰਨ ਦੇ ਜਤਨ ਵਿਚ ਕੀਤੀ ਜਾਵੇ। ਪਖੰਡ ਤਾਂ ਅਸਲੀਅਤ ਦੀ ਸ਼ਕਲ ਧਾਰ ਕੇ ਅਸਲੀਅਤ ਨੂੰ ਗਵਾਂਦਾ ਹੈ। ਤੁਸੀਂ ਜਾਣਦੇ ਹੋ ਕਿ ਰੋਣਾ-ਮੂੰਹ ਬਣਾਇਆਂ ਰੋਣਾ ਆ ਹੀ ਜਾਂਦਾ ਹੈ ਤੇ ਹੱਸਣਾ-ਮੂੰਹ ਬਣਾਇਆਂ ਹਾਸਾ ਆ ਹੀ ਜਾਂਦਾ ਹੈ। ਇਸੇ ਤਰ੍ਹਾਂ ਪ੍ਰੇਮ ਸ਼ਰਧਾ ਦੇ ਭਾਵ ਵਿਚ ਪੈਣ ਦੇ ਜਤਨ ਨਾਲ ਸ਼ਰਧਾ ਪੈਦਾ ਹੋ ਕੇ ਪ੍ਰੇਮ ਆ ਹੀ ਜਾਂਦਾ ਹੈ।

ਬਨਾਵਟ ਤੇ ਪਖੰਡ ਵਿਚ ਮੁਢਲਾ ਫਰਕ ਇਹ ਹੈ ਕਿ ਬਨਾਵਟ ਬਣਾਈ ਜਾਂਦੀ ਹੈ ਅਸਲੀਅਤ ਨੂੰ ਅਪੜਨ ਲਈ ਤੇ ਪਖੰਡ ਕੀਤਾ ਜਾਂਦਾ ਹੈ, ਅਸਲੀਅਤ ਦੇ ਦੁਨਿਆਵੀ ਲਾਭ ਉਠਾਣ ਲਈ। ਬਨਾਵਟ ਲਾਭਦਾਇਕ ਹੈ, ਜਦ ਤਕ ਇਹ ਅਸਲੀਅਤ ਦੇ ਨੇੜੇ ਤੇ ਹੋਰ ਨੇੜੇ ਲੈ ਜਾਂਦੀ ਹੈ ਪਰ ਇਹ ਭੀ ਤਿਲਕਵੀਂ ਖੇਡ ਹੈ। ਜੋ ਅਪਣੀ ਮਤ ਉੱਤੇ ਵਧੇਰੇ ਭਰੋਸਾ ਕਰੇ, ਉਹ ਬਨਾਵਟ ਤੋਂ ਡਿਗ ਕੇ ਪਖੰਡ ਵਿਚ ਜਾ ਪੈਂਦਾ ਹੈ। ਆਖ਼ਰ ਇਹ ਬਨਾਵਟ ਭੀ ਤਾਂ ਪਖੰਡ ਦੇ ਬਹੁਤ ਨੇੜੇ ਹੈ। ਸ਼ਰਧਾ ਤੇ ਪ੍ਰੇਮ ਪੈਦਾ ਕਰਨ ਲਈ ਬਣਾਈ ਬਨਾਵਟ ਦਾ ਨਤੀਜਾ ਪਖੰਡ ਵਿਚ ਜਾ ਡਿੱਗਣਾ ਭੀ ਨਿਕਲ ਸਕਦਾ ਹੈ। ਇਸ ਲਈ ਵਾਹਿਗੁਰੂ ਅੱਗੇ ਅਰਦਾਸ ਕਰਨੀ ਬਹੁਤ ਜ਼ਰੂਰੀ ਹੈ ਕਿਉਂਕਿ ਵਾਹਿਗੁਰੂ ਦੀ ਕਿਰਪਾ ਹੀ ਇਨ੍ਹਾਂ ਟੋਇਆਂ ਤੋਂ ਬਚਾ ਸਕਦੀ ਹੈ।

ਪਖੰਡ, ਬਨਾਵਟ ਵਹਿਮ ਤੇ ਸ਼ਰਧਾ ਜ਼ਾਹਿਰਾ ਸ਼ਕਲ ਵਿਚ ਮਿਲਦੇ ਹਨ ਪਰ ਇਨ੍ਹਾਂ ਵਿਚ ਅਜੇਹਾ ਫ਼ਰਕ ਹੈ ਕਿ ਕਈ ਵੇਰਾਂ ਇਕ ਦੂਜੇ ਦੇ ਉਲਟ ਵਰਤੇ ਜਾ ਸਕਦੇ ਹਨ। ਪਖੰਡ ਤਾਂ ਖ਼ੁਦਗਰਜ਼ਾਂ ਤੇ ਨੀਵੇਂ ਲੋਕਾਂ ਦੀ ਖੇਡ ਹੈ। ਬਨਾਵਟ ਬਨਾਣਾ ਮਾੜਾ ਨਹੀਂ ਹੈ, ਜੇ ਨਿਸ਼ਾਨਾ ਅਸਲੀਅਤ ਹੋਵੇ ਤੇ ਇਹੋ ਨਿਸ਼ਾਨਾ ਕਾਇਮ ਰਹੇ। ਜਦ ਮੈਂ ਪੜ੍ਹਦਾ ਹਾਂ ਕਿ ਗਨਕਾ ਤੋਤਾ ਪੜ੍ਹਾਂਦੀ ਤਰ ਗਈ, ਤਾਂ ਮੈਨੂੰ ਸਮਝ ਨਹੀਂ

Sri Satguru Jagjit Singh Ji eLibrary NamdhariElibrary@gmail.com

ਸੀ ਆਉਂਦੀ ਕਿ ਕਿਸ ਤਰ੍ਹਾਂ ਇਕ ਲਫ਼ਜ਼ ( ਜੋ ਭਾਵੇਂ ਵਾਹਿਗੁਰੂ ਦਾ ਨਾਮ ਹੈ, ਪਰ ਤਾਂ ਜਜ਼ਬੇ ਤੋਂ ਬਿਨਾਂ ਹੀ) ਨਾਲ ਕਿੱਦਾਂ ਕੋਈ ਤਰ ਸਕਦਾ ਹੈ। ਹੁਣ ਸਮਝ ਆਈ ਹੈ ਕਿ ਗਨਕਾ ਦਾ ਇਹ ਲਫ਼ਜ਼ ਕਹਿਣਾ ਪਖੰਡ ਨਹੀਂ ਸੀ, ਭਾਵੇਂ ਬਨਾਵਟ ਸੀ। ਇਸ ਬਨਾਵਟ ਨੂੰ ਉਸ ਨੇ ਅਸਲੀਅਤ ਉੱਤੇ ਪੁੱਜਣ ਲਈ ਵਰਤਿਆ ਤੇ ਉਹ ਕਾਮਯਾਬ ਹੋ ਗਈ। ਇਸ ਲਈ ਬਨਾਵਟ ਠੀਕ ਰਾਹ ਭੀ ਲੈ ਜਾ ਸਕਦੀ ਹੈ, ਪਰ ਖ਼ਬਰਦਾਰੀ ਦੀ ਬਹੁਤ ਲੋੜ ਹੈ।

ਵਹਿਮੀ ਉੱਤੇ ਤਾਂ ਤਰਸ ਹੀ ਕਰਨਾ ਚਾਹੀਦਾ ਹੈ। ਉਸ ਦਾ ਭਾਵ ਠੀਕ ਹੁੰਦਾ ਹੈ, ਪਰ ਉਸ ਦੀ ਸਮਝ ਅਜੇਹੀ ਹੈ ਕਿ ਪਖੰਡੀ ਤੇ ਚਲਾਕ ਉਸ ਨੂੰ ਕੁਰਾਹੇ ਪਾ ਦੇਂਦੇ ਹਨ ਕਿਉਂਕਿ ਲੋਕੀਂ ਪਖੰਡੀ ਗੁਰੂਆਂ ਦੇ ਢਹੇ ਚੜ੍ਹਦੇ ਹਨ ? ਉਹ ਗੁਰਬਾਣੀ ਵਿਚ ਪੜ੍ਹਦੇ ਹਨ ਕਿ ਕਲਿਆਣ ਲਈ ਗੁਰੂ ਦੀ ਲੋੜ ਹੈ। ਇਸ ਦਾ ਭਾਵ ਉਹ ਇਹ ਸਮਝ ਲੈਂਦੇ ਹਨ ਕਿ ਕੋਈ ਗੁਰੂ ਧਾਰ ਲਵੋ ਤੇ ਕਲਿਆਣ ਹੋ ਜਾਵੇਗੀ ਤੇ ਗੁਰੂ ਭੀ ਉਹ ਕਿਸੇ ਜੀਂਵਦੇ ਆਦਮੀ ਨੂੰ ਹੀ ਸਮਝ ਸਕਦੇ ਹਨ ਜੋ ਕੁਝ ਗੁਰਬਾਣੀ ਵਿਚ ਪਖੰਡੀ ਗੁਰੂਆਂ ਜਾਂ ਵਹਿਮ ਦੇ ਵਿਰੁੱਧ ਆਉਂਦਾ ਹੈ। ਉਸ ਨੂੰ ਇਹ ਭੋਲੇ ਵਹਿਮੀ ਬਹੁਤ ਵੁਕਅਤ ਹੀ ਨਹੀਂ ਦੇਂਦੇ। ਗੁਰੂ ਸਾਹਿਬ ਨੇ ਇਹ ਠੀਕ ਕਿਹਾ ਹੈ ਕਿ ਗੁਰੂ ਬਿਨਾਂ ਗਤ ਨਹੀਂ, ਪਰ ਇਸ ਦਾ ਇਹ ਭਾਵ ਨਹੀਂ ਹੈ ਕਿ ਕੋਈ ਗੁਰੂ ਧਾਰ ਲਵੋ ਤੇ ਗਤ ਹੋ ਜਾਵੇਗੀ। ਗਤੀ ਲਈ ਜ਼ਰੂਰੀ ਹੈ ਕਿ ਆਪਣੀ ਮਤ ਤਿਆਗ ਕੇ ਉਸ ਦੀ ਮਤ ਲਵੇ ਜੋ ਮੁਕੰਮਲ ਹੋਵੇ। ਆਪਣੀ ਮਤ ਉੱਤੇ ਭਰੋਸਾ ਕਰਕੇ ਕੁਰਾਹੇ ਨਾ ਭੱਜੇ ਫਿਰੋ ਤੇ ਕਿਸੇ ਠੱਗ ਜਾਂ ਨੀਵੇਂ ਆਦਮੀ ਦੀ ਮਤ ਲੈ ਕੇ ਨਿਰੇ-ਪੁਰੇ ਖੱਡੇ ਵਿਚ ਹੀ ਨਾ ਡਿੱਗੋ। ਕਲਿਆਣ ਹੈ ਤੁਹਾਡੇ ਆਪਣੇ ਮਨ ਵਿਚ ਸ਼ਰਧਾ ਤੇ ਪ੍ਰੇਮ ਪੈਦਾ ਹੋਣ ਨਾਲ। ਇਸ ਜਜ਼ਬੇ ਦੇ ਪੈਦਾ ਹੋਣ ਲਈ ਉਤਮ ਬਚਨਾਂ, ਉਤਮ ਬਾਣੀ ਤੇ ਉਤਮ ਸੰਗਤ ਦੀ ਲੋੜ ਹੈ ਪਰ ਪਖੰਡੀ, ਵਹਿਮੀ ਜਾਂ ਨਾ-ਮੁਕੰਮਲ ਬੰਦੇ ਨੂੰ ਮੁਕੰਮਲ ਮੰਨ ਲੈਣ ਨਾਲ ਅਸਲ ਰਾਹ ਤੋਂ ਡਿੱਗਣ ਦਾ ਵਧੇਰੇ ਖ਼ਤਰਾ ਹੋ ਜਾਂਦਾ ਹੈ। ਅਰਦਾਸ ਕਰੋ, ਢਹਿ ਪਵੋ ਉਸ ਦਰ 'ਤੇ :

ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨਾ ਬੀਚਾਰਹੁ ਕੋਈ ॥
ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥

(ਪੰਨਾ ੮੮੨)

☆ ☆ ☆

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ੭.

# ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ

ਸ਼ਰਧਾ, ਵਹਿਮ ਤੇ ਪਖੰਡ ਇਕੋ ਸ਼ਕਲ ਦੇ ਹਨ ਪਰ ਇਨ੍ਹਾਂ ਵਿਚ ਇਤਨਾ ਫ਼ਰਕ ਹੈ ਕਿ ਆਦਮੀ ਦੇ ਸਦੀਵ ਜੀਵਨ ਉੱਤੇ ਡੂੰਘਾ ਅਸਰ ਰੱਖਦੇ ਹਨ। ਸ਼ਰਧਾ ਤਾਂ ਪ੍ਰੇਮ ਦੇ ਪ੍ਰਗਟ ਅੰਗ ਦਾ ਨਾਮ ਹੈ। ਮਗਰੋਂ ਪ੍ਰੇਮ ਤੇ ਸ਼ਰਧਾ ਵਿਚ ਫ਼ਰਕ ਲੱਭਣਾ ਔਖਾ ਹੁੰਦਾ ਹੈ ਤੇ ਇਸ ਤਰ੍ਹਾਂ ਬਰੀਕੀ ਵਿਚ ਜਾਣ ਦੀ ਲੋੜ ਭੀ ਨਹੀਂ। ਇਉਂ ਹੀ ਸਮਝੋ ਕਿ ਪ੍ਰੇਮ ਤੇ ਸ਼ਰਧਾ ਦੋਵੇਂ ਇਕੋ ਜਜ਼ਬੇ ਦੇ ਦੋ ਨਾਮ ਹਨ। ਇਹੋ ਹੀ ਜਜ਼ਬਾ ਹੈ, ਜੋ ਸਾਨੂੰ ਗੁਪਤ ਵਾਹਿਗੁਰੂ ਨੂੰ ਪ੍ਰਗਟ ਕਰ ਵਿਖਾਂਦਾ ਹੈ "ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ" ਪਰ ਸ਼ਰਧਾ ਦੀ ਸ਼ਕਲ ਵਿਚ ਪ੍ਰੇਮ ਅੰਜਾਣ ਲੋਕਾਂ ਨੂੰ ਕੁਰਾਹੇ ਭੀ ਪਾ ਦੇਂਦਾ ਹੈ। ਉਸ ਵੇਲੇ ਇਸ ਨੂੰ ਵਹਿਮ ਕਿਹਾ ਜਾਂਦਾ ਹੈ।

ਸ਼ਰਧਾ ਤੇ ਵਹਿਮ ਦੋਹਾਂ ਦੀਆਂ ਬਾਹਰਲੀਆਂ ਸ਼ਕਲਾਂ ਇਕੋ ਹੀ ਹੁੰਦੀਆਂ ਹਨ, ਪਰ ਇਨ੍ਹਾਂ ਵਿਚ ਇਤਨਾ ਫ਼ਰਕ ਹੈ, ਜਿਤਨਾ ਕਿ ਅੰਮ੍ਰਿਤ ਤੇ ਜ਼ਹਿਰ ਵਿਚ ਹੈ। ਸ਼ਰਧਾ ਖੜੀ ਹੁੰਦੀ ਹੈ ਬੇਗਰਜ਼ੀ ਉੱਤੇ, ਵਹਿਮ ਖੜਾ ਹੁੰਦਾ ਹੈ ਖ਼ੁਦਗਰਜ਼ੀ ਉੱਤੇ ਸ਼ਰਧਾਵਾਨ ਆਪਣਾ ਆਪ ਗੁਰੂ ਦੇ ਹਵਾਲੇ ਕਰਦਾ ਹੈ, ਵਹਿਮੀ ਆਪਣਾ ਆਪ ਹਵਾਲੇ ਦੀ ਸ਼ਕਲ ਬਣਾ ਕੇ ਗੁਰੂ ਨੂੰ ਆਪਣੇ ਮਤਲਬ ਲਈ ਵਰਤਣਾ ਚਾਹੁੰਦਾ ਹੈ।

ਇਹ ਹੈ ਅਸਲ ਫ਼ਰਕ ਸ਼ਰਧਾ 'ਤੇ ਵਹਿਮ ਵਿਚ। ਸ਼ਰਧਾਵਾਨ ਦੀ ਨੀਅਤ ਸਾਫ਼ ਹੈ ਤੇ ਸਰੀਰਕ ਜੀਵਨ ਨੂੰ ਉਹ ਆਤਮਕ ਜੀਵਨ ਉੱਤੋਂ ਕੁਰਬਾਨ ਕਰਦਾ ਹੈ ਪਰ ਵਹਿਮੀ ਦੁਨਿਆਵੀ ਲਾਭਾਂ ਲਈ ਜਾਦੂ-ਟੂਣਾ ਸਮਝ ਕੇ ਗੁਰੂ ਅੱਗੇ ਨਿੰਵਦਾ ਹੈ। ਗੁਰਦੁਆਰੇ ਜਾ ਕੇ ਸ਼ਰਧਾਵਾਨ ਤਾਂ ਮੱਥਾ ਟੇਕਦਾ ਹੈ। ਪ੍ਰੇਮ ਨਾਲ ਮਨ ਕਰਕੇ ਤੇ ਵਹਿਮੀ ਟੇਕਦਾ ਹੈ ਕਿ ਇਸ ਮੱਥਾ ਟੇਕਣ ਵਿੱਚੋਂ ਕੋਈ ਲਾਭ ਹੋਵੇਗਾ ਜਾਂ ਇਸ ਕਰਕੇ ਕਿ ਮੱਥਾ ਨਾ ਟੇਕਿਆ ਤਾਂ ਕੋਈ ਸਰੀਰਕ ਦੁੱਖ ਆਵੇਗਾ। ਇਹੋ ਹੀ ਫ਼ਰਕ ਹਰ ਧਾਰਮਿਕ ਰਹਿਤ ਤੇ ਬਾਣੀ ਆਦਿ ਵਿਚ ਭੀ ਚਲਾ ਜਾਂਦਾ ਹੈ। ਸ਼ਰਧਾਵਾਨ ਗੁਰਬਾਣੀ ਪੜ੍ਹ ਕੇ ਪ੍ਰਮਾਤਮਾ ਦਾ ਸਿੱਧਾ ਰਾਹ ਫੜਦਾ ਹੈ ਤੇ ਵਹਿਮੀ ਬਾਣੀ ਪੜ੍ਹ ਕੇ ਭੰਬਲਭੂਸੇ ਖਾਂਦਾ ਹੈ। ਸ਼ਰਧਾਵਾਨ ਦੇ ਰਾਹ ਵਿਚ ਤਾਂ ਜਿਉਂ-ਜਿਉਂ ਅੱਗੇ ਵੱਧਦਾ ਹੈ, ਚਾਨਣਾ ਹੁੰਦਾ ਜਾਂਦਾ ਹੈ ਤੇ ਵਹਿਮੀ ਹਨ੍ਹੇਰੇ ਵਿਚ ਜੰਗਲ ਵਿਚ ਹੀ ਪਿਆ ਫੇਰੇ ਖਾਂਦਾ ਹੈ।

ਬਾਣੀ ਪੜ੍ਹੋ, ਨਾਮ ਜਪੋ, ਰਹਿਤ ਰੱਖੋ ਤੇ ਇਸ ਨੀਅਤ ਨਾਲ ਇਸ ਰਾਹ ਤੁਰੋ ਕਿ ਤੁਸੀਂ ਆਪਣਾ ਆਪ ਉਸ ਗੁਰੂ ਨੂੰ ਅਰਪਨ ਕਰ ਰਹੇ ਹੋ ਤੇ ਇਹ ਸਾਧਨ ਹਨ, ਇਸ ਲਈ ਕਿ ਗੁਰੂ ਤੁਹਾਨੂੰ ਮਨਜ਼ੂਰ ਕਰੇ। ਇਹ ਸਾਧਨ ਹਨ, ਉਸ ਪਤੀ ਨੂੰ ਰੀਝਾਉਣ ਦੇ ਨਾ ਕਿ ਉਸ ਨੂੰ ਕਾਬੂ ਕਰਨ ਦੇ। ਪਤੀਬ੍ਰਤਾ ਪਤੀ ਦੀ ਸੇਵਾ ਕਰਦੀ ਹੈ, ਪ੍ਰੇਮ

Sri Satguru Jagjit Singh Ji eLibrary NamdhariElibrary@gmail.com

ਵਿਚ ਤੇ ਦੁਹਾਗਣ ਜਾਦੂ-ਟੂਣੇ ਕਰਦੀ ਹੈ ਪਤੀ ਨੂੰ ਕਾਬੂ ਕਰਨ ਲਈ। ਜੋ ਪਤੀ ਨੂੰ ਕਾਬੂ ਕਰਨ ਦੀ ਇੱਛਾ ਰਖਦੀ ਹੈ, ਉਹ ਪ੍ਰੇਮ ਵਿੱਚੋਂ ਨਿਕਲ ਕੇ ਖ਼ੁਦਗਰਜ਼ੀ ਵਿਚ ਪੈਂਦੀ ਹੈ ਤੇ ਜੋ ਸਭ ਕੁਝ ਪਤੀ ਦੇ ਹਵਾਲੇ ਕਰਨ ਦੀ ਇੱਛਾ ਰਖਦੀ ਹੈ, ਉਹ ਪਤੀ ਨੂੰ ਕਾਬੂ ਕਰ ਲੈਂਦੀ ਹੈ। ਇਸੇ ਤਰ੍ਹਾਂ ਉਸ ਵਾਹਿਗੁਰੂ ਨੂੰ ਬੰਨ੍ਹਣ ਦੀ ਇੱਛਾ ਸਾਨੂੰ ਬੰਧਨਾਂ ਵਿਚ ਬੰਨ੍ਹਦੀ ਹੈ ਤੇ ਉਸ ਦਾ ਪ੍ਰੇਮ ਸਾਡੇ ਬੰਧਨ ਤੋੜ ਦੇਂਦਾ ਹੈ। ਨਿਰਇੱਛਤ ਜਜ਼ਬੇ ਦਾ ਨਾਮ ਹੈ ਸ਼ਰਧਾ, ਖ਼ੁਦਗਰਜ਼ੀ ਜਜ਼ਬੇ ਦਾ ਨਾਮ ਹੈ ਵਹਿਮ। ਆਮ ਕਰਕੇ ਸ਼ਰਧਾ ਤੇ ਵਹਿਮ ਰਲੇ ਹੋਏ ਹੁੰਦੇ ਹਨ। ਕੋਈ ਵਿਰਲਾ ਪੂਰਾ ਸ਼ਰਧਾਵਾਨ ਹੁੰਦਾ ਹੈ ਤੇ ਇਸੇ ਤਰ੍ਹਾਂ ਕੋਈ ਵਿਰਲਾ ਹੀ ਪੂਰਾ ਵਹਿਮੀ ਹੁੰਦਾ ਹੈ। ਜਦ ਤਕ ਆਦਮੀ ਪ੍ਰਮਾਤਮਾ ਦੀ ਪ੍ਰਾਪਤੀ ਕਰਕੇ ਮੁਕੰਮਲ ਨਹੀਂ ਹੁੰਦਾ ਤਦ ਤਕ ਉਸ ਵਿਚ ਕਈ ਤਰ੍ਹਾਂ ਦੀਆਂ ਕਮਜ਼ੋਰੀਆਂ ਰਹਿੰਦੀਆਂ ਹਨ। ਜਿਉਂ-ਜਿਉਂ ਆਦਮੀ ਵਿਚ ਸ਼ਰਧਾ ਵਧਦੀ ਹੈ, ਤਿਉਂ-ਤਿਉਂ ਵਹਿਮ ਘਟਦਾ ਹੈ। ਵਹਿਮ ਕਮਜ਼ੋਰੀ ਹੈ ਪਰ ਜੇ ਇਸ ਦੇ ਸਾਹਮਣੇ ਨਿਰੇਪੁਰੇ ਹਥਿਆਰ ਹੀ ਨਾ ਸੁੱਟ ਦਿੱਤੇ ਜਾਣ ਤਾਂ ਇਹੋ ਹੀ ਸ਼ਰਧਾ ਵਿਚ ਬਦਲ ਸਕਦਾ ਹੈ। ਪਖੰਡ ਤਾਂ ਔਗੁਣ ਹੈ। ਵਹਿਮੀ ਦੀ ਬੇੜੀ ਨੂੰ ਚੱਪੂ ਨਹੀਂ ਤੇ ਉਹ ਰੁੜ੍ਹੀ ਜਾ ਰਹੀ ਹੈ, ਪਰ ਪਖੰਡੀ ਤਾਂ ਆਪ ਬੇੜੀ ਨੂੰ ਘੁੰਮਣਘੇਰ ਵੱਲ ਲੈ ਜਾ ਰਿਹਾ ਹੈ।

ਸ਼ਰਧਾਵਾਨ ਤਾਂ ਅੰਮ੍ਰਿਤ ਪੀਂਦਾ ਹੈ, ਵਹਿਮੀ ਸ਼ਰਬਤ ਪੀਂਦਾ ਤੇ ਪਖੰਡੀ ਬਿਖ ਪੀਂਦਾ ਹੈ। ਸ਼ਰਧਾਵਾਨ ਬਾਣੀ ਸੁਣ ਕੇ ਬਾਣੀ ਵਾਲੇ ਵੱਲ ਟੁਰਦਾ ਹੈ। ਵਹਿਮੀ ਬਾਣੀ ਸੁਣ ਕੇ ਜੰਗਲ ਵਿਚ ਹੀ ਭੰਬਲਭੂਸੇ ਖਾਂਦਾ ਹੈ ਤੇ ਪਖੰਡੀ ਬਾਣੀ ਸੁਣ ਕੇ ਬਾਣੀ ਵਾਲੇ ਵੱਲੋਂ ਪਰੇ ਨੱਸਣ ਦੀ ਕਰਦਾ ਹੈ।

ਪਰ ਕਦੀ ਕਦੀ ਪਖੰਡ ਦੇ ਹੇਠਾਂ ਭੀ ਸ਼ਰਧਾ ਦਾ ਜਜ਼ਬਾ ਪਿਆ ਹੁੰਦਾ ਹੈ, ਜੋ ਪਖੰਡੀ ਨੂੰ ਭੀ ਸਿੱਧੇ ਰਾਹ ਪਾ ਦੇਂਦਾ ਹੈ :

ਨ੍ਰਿਪ ਕੰਨਿਆ ਕੇ ਕਾਰਨੈ, ਇਕੁ ਭਇਆ ਭੇਖਧਾਰੀ ॥
ਕਾਮਾਰਥੀ ਸੁਆਰਥੀ, ਵਾ ਕੀ ਪੈਜ ਸਵਾਰੀ ॥ (ਪੰਨਾ ੮੫੮)

ਸੱਚੀ ਗੱਲ ਤਾਂ ਇਹ ਭਾਸਦੀ ਹੈ ਕਿ ਪੂਰਾ ਸ਼ਰਧਾਵਾਨ, ਪੂਰਾ ਵਹਿਮੀ ਜਾਂ ਪੂਰਾ ਪਖੰਡੀ ਤਾਂ ਕੋਈ ਹੁੰਦਾ ਹੀ ਨਹੀਂ ਹੈ। ਜੇ ਪੂਰਾ ਸ਼ਰਧਾਵਾਨ ਹੋਵੇ, ਉਹ ਤਾਂ ਉਸ ਵਾਹਿਗੁਰੂ ਵਿਚ ਸਮਾ ਹੀ ਜਾਂਦਾ ਹੈ। ਪੂਰਾ ਵਹਿਮੀ ਹੋਣ ਦਾ ਸਵਾਲ ਹੀ ਨਹੀਂ ਉਠਦਾ ਕਿਉਂਕਿ ਵਹਿਮੀ ਤਾਂ ਨਾਮ ਹੀ ਹੈ ਡਾਵਾਂਡੋਲ ਦਾ, ਜੋ ਕਿਸੇ ਬੰਨੇ ਭੀ ਪੱਕਾ ਮਨ ਨਹੀਂ ਬਣਾ ਸਕਦਾ। ਪਖੰਡੀ ਮੁਕੰਮਲ ਤਾਂ ਉਹੋ ਹੀ ਹੋਵੇ, ਜਿਸ ਨੂੰ ਪੱਕਾ ਨਿਸਚਾ ਹੋ ਜਾਵੇ ਕਿ ਵਾਹਿਗੁਰੂ ਨਹੀਂ ਹੈ, ਇਸ ਦੁਨੀਆਂ ਤੋਂ ਪਰੇ ਕੁਝ ਨਹੀਂ ਹੈ ਤੇ ਸਭ ਕੁਝ ਇਹ ਜੀਵਨ ਹੀ ਹੈ। ਅਜੇਹਾ ਹੋਣਾ ਅਸੰਭਵ ਹੈ। ਕਿਸੇ ਵਸਤੂ ਦੀ ਹੋਂਦ ਦਾ ਤਾਂ ਪੱਕਾ ਨਿਸਚਾ ਹੋ ਸਕਦਾ ਹੈ, ਜਦ ਉਸ ਵਸਤੂ ਨੂੰ ਵੇਖ ਲਈਏ, ਪਰ ਕਿਸੇ ਚੀਜ਼ ਦੀ ਅਣਹੋਂਦ ਦਾ ਤਾਂ ਨਿਸਚਾ ਨਹੀਂ ਹੋ ਸਕਦਾ ਕੋਈ ਪੱਕਾ ਨਾਸਤਕ ਨਹੀਂ ਹੋ ਸਕਦਾ, ਇਸ ਕਰਕੇ ਕੋਈ ਮੁਕੰਮਲ ਪਖੰਡੀ ਨਹੀਂ ਹੋ ਸਕਦਾ।

ਇਸ ਲਈ ਪਖੰਡ ਤੇ ਵਹਿਮ ਤੋਂ ਡਰ ਕੇ ਸ਼ਰਧਾ ਤੋਂ ਹੀ ਨਾ ਵਾਂਜੇ ਜਾਵੋ।

Sri Satguru Jagjit Singh Ji eLibrary NamdhariElibrary@gmail.com

ਸਭ ਵਿਚ ਪਖੰਡ ਤੇ ਵਹਿਮ ਦਾ ਅੰਗ ਹੈ। ਪਖੰਡ ਤੇ ਵਹਿਮ ਦੇ ਅੰਗ ਨੂੰ ਸ਼ਰਧਾ ਵਿਚ ਡੋਬ ਦਿਓ ਪਰ ਪਖੰਡ ਤੇ ਵਹਿਮ ਨੂੰ ਨਿੰਦਦੇ-ਨਿੰਦਦੇ ਸ਼ਰਧਾ ਤੋਂ ਹੀ ਨਾ ਵਾਂਜੇ ਜਾਵੋ। ਪਖੰਡ ਜਾਂ ਵਹਿਮ ਨਾਲ ਬਾਣੀ ਪੜ੍ਹਨਾ ਭਾਵੇਂ ਚੰਗਾ ਨਾ ਹੋਵੇ ਪਰ ਉੱਕਾ ਬਾਣੀ ਪੜ੍ਹਨਾ ਛੱਡ ਦੇਣਾ ਤਾਂ ਉਸ ਰਾਹ ਤੋਂ ਹੀ ਉੱਖੜ ਜਾਣਾ ਹੈ ਜੋ ਘਰ ਘਰ ਵਿੱਚੋਂ ਕੱਢਣ ਵਾਲਾ ਹੈ।

ਪਖੰਡੀ ਗੁਰੂ ਕਾ ਚੋਰ ਹੈ। ਨਾਸਤਕ ਗੁਰੂ ਕਾ ਬਾਗ਼ੀ ਹੈ। ਚੋਰੀ ਦੀ ਸਜ਼ਾ ਸੱਤ ਸਾਲ। ਬਗ਼ਾਵਤ ਦੀ ਸਜ਼ਾ ਮੌਤ।

* * *

Sri Satguru Jagjit Singh Ji eLibrary NamdhariElibrary@gmail.com

## ੮.

# ਰੂਹਾਂ ਨਾਲ ਗੱਲਬਾਤ!

ਕੀ ਮਰ ਚੁੱਕੇ ਲੋਕਾਂ ਦੀਆਂ ਰੂਹਾਂ ਨੂੰ ਬੁਲਾਇਆ ਜਾ ਸਕਦਾ ਹੈ ? ਤੇ ਕੀ ਉਨ੍ਹਾਂ ਤੋਂ ਕਈ ਤਰ੍ਹਾਂ ਦੀਆਂ ਪੁੱਛਾਂ ਕੀਤੀਆਂ ਜਾ ਸਕਦੀਆਂ ਹਨ ? ਇਸ ਸਬੰਧੀ ਮੇਰਾ ਕੀ ਖ਼ਿਆਲ ਹੈ ? ਇਹ ਸਵਾਲ ਕਈ ਲੋਕ ਪੁੱਛਦੇ ਰਹਿੰਦੇ ਹਨ ਤੇ ਵਿਚਾਰ ਕਰਦੇ ਰਹਿੰਦੇ ਹਨ। ਮੈਂ ਆਪ ਇਸ ਮਜ਼ਮੂਨ ਵਿਚ ਕਈ ਸਾਲ ਦਿਲਚਸਪੀ ਲੈਂਦਾ ਰਿਹਾ ਹਾਂ, ਘੜੇ ਜਾਂ ਪਲੈਂਚਟ ਉੱਤੇ ਹੱਥ ਰੱਖ ਕੇ ਰੂਹਾਂ ਨੂੰ ਬੁਲਾਂਦਿਆਂ ਦੇਖਿਆ ਹੈ ਤੇ ਇਸ ਮਜ਼ਮੂਨ ਉੱਤੇ ਪੁਸਤਕਾਂ ਭੀ ਪੜ੍ਹੀਆਂ ਹਨ। ਇਸ ਕਰਕੇ ਮੈਂ ਇਸ ਸਬੰਧੀ ਆਪਣੀ ਰਾਏ ਕਾਇਮ ਕੀਤੀ ਹੋਈ ਹੈ, ਜੋ ਮੈਂ ਸਪੱਸ਼ਟ ਕਰਦਾ ਹਾਂ।

ਇਹ ਮਜ਼ਮੂਨ ਅਸਲ ਵਿਚ ਇਤਨਾ ਛੋਟਾ ਨਹੀਂ ਹੈ। ਰੂਹਾਂ ਤੇ ਆਦਮੀ ਦੀ ਆਪਣੀ ਗੁਪਤ ਸ਼ਕਤੀ, ਜਿਸ ਨੂੰ ਅੰਗਰੇਜ਼ੀ ਵਿਚ (Psychic Power) 'ਤੇ ਸਾਡੇ ਦੇਸ਼ ਵਿਚ "ਸਿੱਧੀ" ਕਹਿੰਦੇ ਹਨ, ਇਸੇ ਮਜ਼ਮੂਨ ਵਿਚ ਸ਼ਾਮਲ ਸਮਝਣੇ ਚਾਹੀਦੇ ਹਨ। ਕਈ ਲੋਕੀਂ ਤਾਂ ਇਉਂ ਸਮਝੀ ਬੈਠੇ ਹਨ ਕਿ ਦੁਨੀਆਂ ਉਹੋ ਕੁਝ ਹੀ ਹੈ ਤੇ ਉਤਨੀ ਹੀ ਹੈ, ਜੋ ਅਸੀਂ ਆਪਣੇ ਪੰਜ-ਇੰਦਰਿਆਂ ਨਾਲ ਮਹਿਸੂਸ ਕਰ ਸਕਦੇ ਹਾਂ। ਇਨ੍ਹਾਂ ਪੰਜ-ਇੰਦਰਿਆਂ ਤੋਂ ਪਰੇ, ਉਹ ਕਿਸੇ ਵਸਤੂ ਦੀ ਹੋਂਦ ਨੂੰ ਮੰਨਦੇ ਹੀ ਨਹੀਂ ਹਨ। ਜੇ ਕਰ ਉਨ੍ਹਾਂ ਨੂੰ ਕਦੀ ਕਿਸੇ ਸ਼ਕਤੀ ਦੇ ਚਮਤਕਾਰੇ ਦਾ ਜ਼ਿਕਰ ਕੀਤਾ ਜਾਵੇ ਤਾਂ ਉਹ ਬਸ ਇਤਨਾ ਕਹਿ ਕੇ ਹੀ ਛੁਟਕਾਰਾ ਕਰਾ ਲੈਂਦੇ ਹਨ ਕਿ ਇਹ ਸਭ ਝੂਠ ਹੈ, ਸਭ ਪਖੰਡ ਹੈ। ਇਹ ਲੋਕੀਂ ਮਾਦੀ ਦੁਨੀਆਂ (Materialist) ਤੋਂ ਪਰੇ ਕੁਝ ਮੰਨਦੇ ਹੀ ਨਹੀਂ ਹਨ। ਉਹ ਕਹਿੰਦੇ ਹਨ ਕਿ ਕਾਨੂੰਨ ਕੁਦਰਤ ਤੋਂ ਪਰੇ ਕੁਝ ਵਰਤ ਨਹੀਂ ਸਕਦਾ ਤੇ ਕਾਨੂੰਨ ਕੁਦਰਤ ਤੋਂ ਭਾਵ ਉਨ੍ਹਾਂ ਦਾ ਇਹ ਹੁੰਦਾ ਹੈ ਕਿ ਜੋ ਕੁਝ ਪੰਜ-ਇੰਦਰਿਆਂ ਅਥਵਾ ਪੰਜ ਸ਼ਕਤੀਆਂ (ਵੇਖਣ, ਸੁਣਨ, ਚੱਖਣ, ਛੋਹਣ ਤੇ ਸੁੰਘਣ) ਤੋਂ ਪਰੇ ਹੈ, ਉਹ ਹੈ ਹੀ ਨਹੀਂ ਹੈ ਤੇ ਏਵੇਂ ਪਖੰਡੀਆਂ ਜਾਂ ਵਹਿਮੀਆਂ ਨੇ ਗੱਪਾਂ ਘੜੀਆਂ ਹੋਈਆਂ ਹਨ।

ਮੈਂ ਇਉਂ ਨਹੀਂ ਮੰਨਦਾ ਤੇ ਮੇਰੀ ਸਮਝ ਵਿਚ ਇਹ ਕਹਿਣ ਵਾਲੇ ਭੀ ਆਪਣੇ ਕਥਨ ਨੂੰ ਨਹੀਂ ਮੰਨਦੇ, ਕਿਉਂਕਿ ਇਹ ਕਹਿੰਦੇ ਹੋਏ ਭੀ ਉਹ ਬਾਣੀ ਪੜ੍ਹਦੇ ਜਾਂ ਅਰਦਾਸੇ ਸੋਧਦੇ ਹਨ। ਮੈਂ ਤਾਂ ਇਸ ਤੋਂ ਭੀ ਅੱਗੇ ਜਾਂਦਾ ਹਾਂ ਤੇ ਕਹਿੰਦਾ ਹਾਂ ਕਿ ਜੋ ਆਪਣੇ ਆਪ ਨੂੰ ਨਾਸਤਕ ਭੀ ਕਹਿੰਦੇ ਹਨ, ਉਹ ਭੀ ਬਿਪਤਾ ਵੇਲੇ ਅਰਦਾਸੇ ਕਰ ਲੈਂਦੇ ਹਨ ਤੇ ਸ਼ਗਨ ਮਨਾ ਲੈਂਦੇ ਹਨ। ਮੈਂ ਇਕ ਪੱਕੇ ਨਾਸਤਕ ਨੂੰ ਕਹਿੰਦਿਆਂ ਸੁਣਿਆਂ ਹੈ ਕਿ ਪਿਛਲੀ ਵੇਰਾਂ ਜਦ ਮੈਂ ਚੋਣ ਦੇ ਕਾਗਜ਼ ਦਿੱਤੇ ਸਨ ਤਾਂ ਭੀ ਅਮਕਾ ਸੱਜਣ ਮੈਨੂੰ ਕਚਹਿਰੀ ਵਿਚ ਮਿਲਿਆ ਸੀ ਤੇ ਐਤਕੀਂ ਭੀ ਮਿਲਿਆ ਹੈ। ਇਸ

Sri Satguru Jagjit Singh Ji eLibrary NamdhariElibrary@gmail.com

ਕਰਕੇ ਐਤਕੀਂ ਭੀ ਮੈਂ ਜ਼ਰੂਰ ਜਿਤਾਂਗਾ। ਭਾਵੇਂ ਇਹ ਲਫ਼ਜ਼ ਉਸ ਨੇ ਹੱਸ ਕੇ ਹੀ ਕਹੇ ਸਨ ਪਰ ਫਿਰ ਭੀ ਇਨ੍ਹਾਂ ਦੇ ਪਿੱਛੇ ਗੁਪਤ ਸ਼ਕਤੀ ਦੀ ਹੋਂਦ ਦਾ ਇਕਬਾਲ ਹੈ। ਜੋ ਆਸਤਕ ਹਨ ਤੇ ਵਾਹਿਗੁਰੂ ਦੀ ਹੋਂਦ ਨੂੰ ਮੰਨਦੇ ਹਨ, ਉਹ ਤਾਂ ਗੁਪਤ ਸ਼ਕਤੀ ਜਾਂ ਸ਼ਕਤੀਆਂ ਤੋਂ ਇਨਕਾਰ ਨਹੀਂ ਕਰ ਸਕਦੇ, ਕਿਉਂਕਿ ਵਾਹਿਗੁਰੂ ਭੀ ਤਾਂ ਗੁਪਤ ਸ਼ਕਤੀ ਦਾ ਨਾਮ ਹੀ ਹੈ। ਵਾਹਿਗੁਰੂ ਭੀ ਤਾਂ ਪੰਜ-ਇੰਦਰਿਆਂ ਤੋਂ ਪਰੇ ਹੈ ਪਰ ਫਿਰ ਭੀ ਚੰਗੇ ਭਲੇ ਤੇ ਸਿਆਣੇ ਸੱਜਣ ਬਾਣੀ ਪੜ੍ਹਦੇ, ਅਰਦਾਸ ਕਰਦੇ ਤੇ ਫਿਰ ਇਹ ਕਹਿੰਦੇ ਸੁਣੇ ਗਏ ਹਨ ਕਿ ਗੁਪਤ ਸ਼ਕਤੀਆਂ ਤਾਂ ਨਿਰਾ ਢੌਂਗ ਤੇ ਪਖੰਡ ਹੈ। ਬੇਸ਼ੱਕ ਗੁਪਤ ਸ਼ਕਤੀ ਦੇ ਪਰਦੇ ਹੇਠਾਂ ਢੌਂਗ ਤੇ ਪਖੰਡ ਬਹੁਤ ਚੱਲ ਰਿਹਾ ਹੈ, ਪਰ ਜੋ ਇਸ ਤੋਂ ਇਨਕਾਰ ਕਰਦਾ ਹੈ, ਉਹ ਕਿਉਂ ਅਰਦਾਸੇ ਜਾਂ ਬਾਣੀ ਦੀ ਸ਼ਕਤੀ ਮੰਨੇ ? ਅਸਲ ਗੱਲ ਇਹ ਹੈ ਕਿ ਆਮ ਲੋਕੀਂ ਵਿਚਾਰੇ ਬਿਨਾਂ ਹੀ ਅਜੇਹੀਆਂ ਗੱਲਾਂ ਕਹੀ ਤੇ ਕਰੀ ਜਾਂਦੇ ਹਨ, ਜੋ ਇਕ ਦੂਜੇ ਦੇ ਵਿਰੁੱਧ ਹੁੰਦੀਆਂ ਹਨ। ਨਾਸਤਕ ਬੇਸ਼ੱਕ ਕਿਸੇ ਗੁਪਤ ਸ਼ਕਤੀ ਨੂੰ ਨਹੀਂ ਮੰਨਦੇ ਪਰ ਜੇ ਉਹਨਾਂ ਨਾਲ ਭੀ ਵਿਚਾਰ ਕਰੋ, ਤਾਂ ਉਹਨਾਂ ਨੂੰ ਭੀ ਪ੍ਰਗਟ ਸ਼ਕਤੀਆਂ ਦਾ ਕਾਰਨ ਗੁਪਤ ਸ਼ਕਤੀ ਹੀ ਮੰਨਣਾ ਪੈਂਦਾ ਹੈ। ਭਾਵੇਂ ਜ਼ਿਦ ਕਰਕੇ ਕੋਈ ਸਿਰ ਅੜਾਈ ਹੀ ਜਾਵੇ ਪਰ ਦੱਸੇ ਤਾਂ ਸਹੀ ਕਿ ਸਾਡੀ ਚੱਖਣ ਦੀ ਸ਼ਕਤੀ ਕਿਉਂ ਹੈ ? ਕਿਹੜੀ ਸ਼ਕਤੀ ਨੇ ਇਸ ਨੂੰ ਪੈਦਾ ਕੀਤਾ ਹੈ ? ਮੁਕਦੀ ਗੱਲ ਇਹ ਕਿ ਆਪਣੇ ਗਿਆਨ ਨੂੰ ਮੁਕੰਮਲ ਮੰਨਣਾ ਜਾਂ ਇਹ ਸਮਝਣਾ ਕਿ ਸਾਡੀ ਸਮਝ ਤੋਂ ਪਰੇ ਕੁਝ ਨਹੀਂ ਹੈ ਜਾਂ ਇਉਂ ਕਹਿਣਾ ਕਿ ਜਿਸ ਦੀ ਸਾਨੂੰ ਸਮਝ ਨਹੀਂ ਆਉਂਦੀ ਉਹ ਹੈ ਹੀ ਨਹੀਂ, ਵੱਡੀ ਭਾਰੀ ਮੂਰਖਤਾ ਸਗੋਂ ਮੂੜ੍ਹਤਾ ਹੈ।

ਪਰ ਗੁਪਤ ਸ਼ਕਤੀ ਕੀ ਹੈ, ਕਿਤਨੀਆਂ ਹਨ ਤੇ ਕਿਸ ਤਰ੍ਹਾਂ ਸਾਬਤ ਹੋਣ ਤੇ ਕਿਸ ਤਰ੍ਹਾਂ ਉਨ੍ਹਾਂ ਨੂੰ ਕਾਬੂ ਕਰੀਏ ਆਦਿ ਅਜੇਹੇ ਸਵਾਲ ਹਨ ਕਿ ਜਿਨ੍ਹਾਂ ਦਾ ਜੇ ਕੋਈ ਪੱਕਾ ਜਵਾਬ ਬਣ ਸਕੇ ਤਾਂ ਉਹ ਗੁਪਤ ਸ਼ਕਤੀ ਕਾਹਦੀ ਹੋਈ ? ਗੁਪਤ ਉਹੋ ਹੀ ਹੈ ਜੋ ਸਾਡੀ ਸਮਝ ਤੋਂ ਪਰੇ ਹੈ। ਬਸ ਇਸ ਨਤੀਜੇ ਉੱਤੇ ਮੈਂ ਪੁੱਜਾ ਹਾਂ ਕਿ ਗੁਪਤ ਸ਼ਕਤੀ ਜਾਂ ਸ਼ਕਤੀਆਂ ਹਨ, ਜਿਨ੍ਹਾਂ ਦੀ ਥੋੜ੍ਹੀ ਗਿਆਤ ਹੋ ਸਕਦੀ ਹੈ, ਪਰ ਇਹਨਾਂ ਦਾ ਮੁਕੰਮਲ ਗਿਆਨ ਹੋਣਾ, ਉਸੇ ਤਰ੍ਹਾਂ ਦੀ ਗੱਲ ਹੈ, ਜਿਸ ਤਰ੍ਹਾਂ ਕਿ ਕੋਈ ਕਹੇ ਕਿ ਬਿਅੰਤ ਦਾ ਅੰਤ ਪਾ ਲਿਆ ਹੈ, ਜੇ ਅੰਤ ਪਾ ਲਿਆ ਤਾਂ ਉਹ ਬਿਅੰਤ ਹੀ ਕੀ ਹੋਇਆ ? ਬਿਅੰਤ ਸ਼ਕਤੀ ਹੈ ਜਿਸ ਸਬੰਧੀ ਇਹ ਮੰਨ ਕੇ ਟੁਰਨਾ ਪੈਂਦਾ ਹੈ ਕਿ :

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ (ਪੰਨਾ ੧)

ਅੱਜ ਤੋਂ ਕੁਝ ਸਾਲ ਪਹਿਲਾਂ ਦੁਨੀਆਂ ਵਿਚ ਇਕ-ਥੀਓਸਾਫ਼ੀਕਲ ਸੋਸਾਇਟੀ (Theosophical-Society) ਬਣੀ ਸੀ, ਜਿਸ ਦਾ ਵੱਡਾ ਸੈਂਟਰ ਇੰਗਲਿਸਤਾਨ ਵਿਚ ਸੀ ਤੇ ਉਸ ਦੀਆਂ ਸ਼ਾਖਾਂ ਹਿੰਦੁਸਤਾਨ ਤੇ ਅਮਰੀਕਾ ਵਿਚ ਭੀ ਸਨ। ਇਸ ਸੁਸਾਇਟੀ ਦੇ ਮੋਢੀਆਂ ਵਿੱਚੋਂ ਹੀ ਮਿਸ ਐਨੀਬੀਸੈਂਟ ਹੋਈ ਹੈ, ਜਿਸ ਦਾ ਇਕ ਪਰਚਾ ਮਦਰਾਸ ਤੋਂ ਅਜੇ ਭੀ ਨਿਕਲਦਾ ਹੈ। ਇਸ ਸੁਸਾਇਟੀ ਦੇ ਮੋਢੀਆਂ ਵਿੱਚੋਂ ਇੰਗਲੈਂਡ

Sri Satguru Jagjit Singh Ji eLibrary NamdhariElibrary@gmail.com

ਦੇ ਮਸ਼ਹੂਰ ਅਖ਼ਬਾਰ ਨਵੀਸ ਮਿਸਟਰ ਸਟੈਂਡ ਤੇ ਮਸ਼ਹੂਰ ਸਾਇੰਸਦਾਨ ਸਰ ਔਲਿਵਰ ਲਾਜ ਭੀ ਸਨ। ਇਹ ਸੁਸਾਇਟੀ ਅਜੇ ਭੀ ਕਾਇਮ ਹੈ ਪਰ ਉਕਤ ਦੋਹਾਂ ਸੱਜਣਾਂ ਤੇ ਮਿਸ ਐਨੀਬੀਸੈਂਟ ਦੇ ਮਰ ਜਾਣ ਨਾਲ ਕੰਮ ਢਿੱਲਾ ਪੈ ਗਿਆ ਹੈ। ਦੂਜਾ ਕਾਰਨ ਇਹ ਭੀ ਹੋਇਆ ਹੈ ਕਿ ਲੋਕਾਂ ਦਾ ਧਿਆਨ ਆਤਮਕ ਗਿਆਨ ਢੂੰਡਣ ਵੱਲੋਂ ਘੱਟ ਕੇ ਮਾਦੀ ਦੁਨੀਆਂ ਵੱਲ ਵਧੇਰੇ ਹੋ ਗਿਆ ਹੈ।

ਇਸ ਸੁਸਾਇਟੀ ਦੀ ਬੁਨਿਆਦ ਬਹੁਤ ਸਾਰੀ ਹਿੰਦੂ ਪੁਸਤਕਾਂ ਤੇ ਥੀਊਰੀਆਂ ਉੱਤੇ ਸੀ। ਇਹ ਸੁਸਾਇਟੀ ਰੂਹਾਂ ਨੂੰ ਤੇ ਆਵਾਗਵਨ ਨੂੰ ਮੰਨਦੀ ਸੀ। ਇਸ ਸੁਸਾਇਟੀ ਨੇ ਰੂਹਾਂ ਬੁਲਾ ਕੇ ਉਹਨਾਂ ਨਾਲ ਗੱਲਾਂ-ਬਾਤਾਂ ਕਰਨ ਤੇ ਉਹਨਾਂ ਦੀਆਂ ਫੋਟੋ ਲੈਣ ਦਾ ਸਿਲਸਿਲਾ ਸ਼ੁਰੂ ਕੀਤਾ ਸੀ। ਇਹਨਾਂ ਬੁਲਾਈਆਂ ਹੋਈਆਂ ਰੂਹਾਂ ਦੀਆਂ ਫੋਟੋ ਭੀ ਕਈ ਪੁਸਤਕਾਂ ਵਿਚ ਛਪੀਆਂ ਹੋਈਆਂ ਮੈਂ ਆਪ ਵੇਖੀਆਂ ਹਨ। ਕਈ ਅਜੇਹੇ ਜ਼ਨਾਨੀਆਂ ਮਰਦ ਹੋਏ ਹਨ, ਜੋ ਬੇਹੋਸ਼ ਹੋ ਜਾਂਦੇ ਸਨ ਤੇ ਉਹਨਾਂ ਦੇ ਸਰੀਰ ਰਾਹੀਂ ਇਨ੍ਹਾਂ ਰੂਹਾਂ ਨਾਲ ਗੱਲਾਂ-ਬਾਤਾਂ ਭੀ ਕੀਤੀਆਂ ਗਈਆਂ ਹਨ।

ਦੂਜੇ ਪਾਸੇ ਇਕ ਹੋਰ ਲਾਇਕ ਆਦਮੀਆਂ ਦੀ ਸੁਸਾਇਟੀ ਸੀ। ਉਨ੍ਹਾਂ ਨੇ ਭੀ ਗੁਪਤ ਸ਼ਕਤੀ ਦੀ ਕੁਝ ਖੋਜ ਕੀਤੀ ਹੈ ਤੇ ਉਨ੍ਹਾਂ ਦੀਆਂ ਕਿਤਾਬਾਂ ਵੀ ਮੈਂ ਪੜ੍ਹੀਆਂ ਹਨ। ਉਹ ਮੈਸਮਰੇਜ਼ਮ (Mesmerism) ਹਿਪਨੋਟਿਜ਼ਮ, ਟੈਲੀਪੈਥੀ, ਟੈਲੀਵੀਯਨ ਆਦਿਕ ਸ਼ਕਤੀਆਂ ਮੰਨਦੇ ਹਨ ਪਰ ਇਹ ਸਭ ਸ਼ਕਤੀਆਂ ਆਦਮੀ ਦੀਆਂ ਮੰਨਦੇ ਹਨ ਤੇ ਰੂਹਾਂ ਨੂੰ ਨਹੀਂ ਮੰਨਦੇ। ਇਹ ਕਹਿੰਦੇ ਹਨ ਕਿ ਕਈ ਮਨੁੱਖਾਂ ਵਿਚ ਸ਼ਕਤੀ ਹੁੰਦੀ ਹੈ ਤੇ ਬਹੁਤ ਸਾਰੇ ਮਨੁੱਖ ਸ਼ਕਤੀ ਪੈਦਾ ਕਰਦੇ ਹਨ, ਜਿਸ ਸ਼ਕਤੀ ਨਾਲ ਉਨ੍ਹਾਂ ਨੂੰ ਹਜ਼ਾਰਾਂ ਮੀਲ ਦੂਰ ਬੈਠਿਆਂ ਜਾਂ ਨੇੜੇ ਬੈਠਿਆਂ ਦੂਜੇ ਦੇ ਖ਼ਿਆਲ ਬੁੱਝ ਲੈਣ ਦੀ ਸ਼ਕਤੀ ਹੋ ਜਾਂਦੀ ਹੈ। ਇਸੇ ਤਰ੍ਹਾਂ ਅੱਗੇ ਆਵਣ ਵਾਲਾ ਜਾਂ ਵਰਤ ਰਿਹਾ ਸਮਾਂ ਸਾਹਮਣੇ ਦਿਸ ਸਕਦਾ ਹੈ। ਇਸ ਤਰ੍ਹਾਂ ਕਈ ਤਰ੍ਹਾਂ ਦੇ ਚਮਤਕਾਰ ਇਸ ਸ਼ਕਤੀ ਦੇ ਉਹ ਮੰਨਦੇ ਹਨ। ਉਹ ਭੀ ਮੰਨਦੇ ਹਨ ਕਿ ਖ਼ਿਆਲਾਂ ਦੀਆਂ ਲਹਿਰਾਂ ਚਲਦੀਆਂ ਹਨ, ਜੋ ਸਦਾ ਕਾਇਮ ਰਹਿੰਦੀਆਂ ਹਨ ਤੇ ਕਿਸੇ ਵੇਲੇ ਭੀ ਬੁੱਝੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਦੇ ਹੋਰ ਕਈ ਚਮਤਕਾਰੇ ਹਨ।

ਹੁਣ ਇਨ੍ਹਾਂ ਦੋਹਾਂ ਖ਼ਿਆਲਾਂ ਵਿਚ ਮਤਭੇਦ ਇਹ ਹੈ। ਥਿਆਸੋਫੀ (Theosophy) ਵਾਲੇ ਤਾਂ ਕਹਿੰਦੇ ਹਨ ਕਿ ਸਾਨੂੰ ਇਹ ਸਭ ਸ਼ਕਤੀਆਂ ਉੱਤਮ ਰੂਹਾਂ ਜਾਂ ਮਾੜੀਆਂ ਰੂਹਾਂ ਵੱਲੋਂ ਜਾਂ ਉਨ੍ਹਾਂ ਦੀ ਮਦਦ ਨਾਲ ਮਿਲਦੀਆਂ ਹਨ, ਜੋ ਕਿਸੇ ਚੰਗੀ ਜਾਂ ਮਾੜੀ ਰੂਹ ਵੱਲੋਂ ਹੁੰਦੀ ਹੈ। ਚੰਗੀ ਰੂਹ ਅਕਾਸ਼-ਬਾਣੀ ਰਾਹੀਂ ਸਾਨੂੰ ਸਿੱਧਾ ਰਸਤਾ ਦਸਦੀ ਹੈ ਤੇ ਮਾੜੀ ਰੂਹ ਅਕਾਸ਼-ਬਾਣੀ ਰਾਹੀਂ ਹੀ ਸਾਨੂੰ ਕੁਰਾਹੇ ਪਾਂਦੀ ਹੈ। ਇਸ ਦੀਆਂ ਕਈ ਮਿਸਾਲਾਂ ਉਨ੍ਹਾਂ ਨੇ ਦਿੱਤੀਆਂ ਹਨ ਪਰ ਇਕ ਵੱਡੀ ਮਿਸਾਲ ਹੈ, ਜੋ ਦੁਨੀਆਂ ਦੇ ਇਤਹਾਸ ਵਿਚ ਭੀ ਖੋਲ੍ਹ ਕੇ ਲਿਖੀ ਹੋਈ ਹੈ—ਫ਼ਰਾਂਸ ਦੇ ਦੇਸ਼ ਉੱਤੇ ਇੰਗਲੈਂਡ ਨੇ ਹਮਲਾ ਕੀਤਾ ਤੇ ਫ਼ਰਾਂਸ ਬਹੁਤ ਔਖਾ ਹੋ ਗਿਆ ਕਿਉਂਕਿ ਫ਼ਰਾਂਸ ਦੇ ਸਮੁੰਦਰੀ ਬੇੜੇ ਦੇ ਮਾਫ਼ਕ ਹਵਾ ਨਹੀਂ ਸੀ ਚਲਦੀ ਤੇ ਇਹ ਬੇੜਾ ਇੰਗਲੈਂਡ

Sri Satguru Jagjit Singh Ji eLibrary NamdhariElibrary@gmail.com

ਦੇ ਬੇੜੇ ਉੱਤੇ ਹਮਲਾ ਨਹੀਂ ਸੀ ਕਰ ਸਕਦਾ। ਉਸ ਵੇਲੇ ਫ਼ਰਾਂਸ ਦੀ ਇਕ ਜਵਾਨ ਲੜਕੀ ਜਿਸ ਦਾ ਨਾਮ 'ਜੌਨ ਆਫ਼ ਆਰਕ' ਸੀ, ਉਹ ਬਾਹਰ ਖੇਤਾਂ ਵਿਚ ਭੇਡਾਂ ਚਾਰ ਰਹੀ ਸੀ। ਉਸ ਨੂੰ ਕਿਸੇ ਉੱਤਮ ਰੂਹ ਨੇ ਅਵਾਜ਼ ਦਿੱਤੀ ਕਿ ਜਾਹ, ਤੂੰ ਫ਼ਰਾਂਸੀਸੀ ਫ਼ੌਜਾਂ ਦੀ ਕਮਾਨ ਸੰਭਾਲ ਤੇ ਮੈਂ ਤੇਰੀ ਮਦਦ ਕਰਾਂਗਾ। ਉਹ ਲੜਕੀ ਬਾਦਸ਼ਾਹ ਕੋਲ ਗਈ। ਬਾਦਸ਼ਾਹ ਔਖਾ ਸੀ, ਉਸ ਨੇ ਲੜਕੀ ਉੱਤੇ ਭਰੋਸਾ ਕਰ ਲਿਆ ਤੇ ਉਸ ਨੂੰ ਫ਼ੌਜਾਂ ਦੀ ਕਮਾਨ ਦੇ ਦਿੱਤੀ। ਲੜਕੀ ਫ਼ੌਜ ਵਿਚ ਗਈ ਤੇ ਜਾਂਦਿਆਂ ਹੀ ਉਸ ਨੇ ਆਪਣੇ ਬੇੜੇ ਨੂੰ ਹੁਕਮ ਦਿੱਤਾ ਕਿ ਤਿਆਰ ਹੋ ਜਾਵੋ। ਸ਼ਾਮ ਨੂੰ ਮਾਫ਼ਕ ਹਵਾ ਚਲੇਗੀ। ਜੋ ਹਵਾ ਛੇ ਮਹੀਨੇ ਤੋਂ ਨਹੀਂ ਚੱਲੀ ਸੀ, ਉਹ ਉਸੇ ਸ਼ਾਮ ਨੂੰ ਚੱਲ ਪਈ ਤੇ ਫ਼ਰਾਂਸੀਸੀ ਬੇੜੇ ਨੇ ਇੰਗਲੈਂਡ ਦੇ ਬੇੜੇ ਉੱਤੇ ਹਮਲਾ ਕਰ ਕੇ ਉਸ ਨੂੰ ਭਜਾ ਦਿੱਤਾ। ਇਸੇ ਤਰ੍ਹਾਂ ਉਸ ਲੜਕੀ ਨੂੰ ਅਵਾਜ਼ਾਂ ਆਉਂਦੀਆਂ ਰਹੀਆਂ ਤੇ ਉਹਨਾਂ ਅਵਾਜ਼ਾਂ ਮੁਤਾਬਕ ਉਹ ਕੰਮ ਕਰਦੀ ਰਹੀ ਤੇ ਅੰਗਰੇਜ਼ਾਂ ਨੂੰ ਹਾਰਾਂ ਹੁੰਦੀਆਂ ਰਹੀਆਂ ਪਰ ਫਿਰ ਗਲਤ ਅਵਾਜ਼ਾਂ ਆਵਣ ਲੱਗ ਪਈਆਂ। ਫ਼ਰਾਂਸੀਸੀ ਫ਼ੌਜ ਹਾਰ ਗਈ ਤੇ ਲੜਕੀ ਫੜੀ ਗਈ। ਅੰਗਰੇਜ਼ਾਂ ਨੇ ਉਸ ਉੱਤੇ ਜਾਦੂਗਰਨੀ ਹੋਣ ਦਾ ਮੁਕੱਦਮਾ ਚਲਾਇਆ ਤੇ ਉਸ ਨੂੰ ਜ਼ਿੰਦਾ ਅੱਗ ਵਿਚ ਸਾੜ ਦਿੱਤਾ। ਮਗਰੋਂ ਜਦ ਫ਼ਰਾਂਸ ਆਜ਼ਾਦ ਹੋਇਆ ਤਾਂ ਉਹਨਾਂ ਨੇ ਮੁੜ ਤਹਿਕੀਕਾਤ ਕਰਾਈ ਤੇ ਇਸ ਮਰ ਚੁੱਕੀ ਲੜਕੀ ਨੂੰ ਸੰਤ ਦਾ ਖਿਤਾਬ ਦਿੱਤਾ। ਹੁਣ ਉਸ ਨੂੰ 'ਸੰਤ ਜੌਨ' ਕਹਿੰਦੇ ਹਨ।

ਥੀਓਸਾਫ਼ੀ ਵਾਲੇ ਤਾਂ ਇਹ ਸਭ ਕਾਰੇ ਚੰਗੀਆਂ-ਮੰਦੀਆਂ ਰੂਹਾਂ ਦੇ ਸਿਰ ਸੁਟਦੇ ਹਨ ਪਰ ਦੂਜੀ ਧਿਰ ਹੈ ਸਾਈਕਿੱਕਸ (Sychics) ਦੀ। ਇਹ ਕਹਿੰਦੇ ਹਨ ਕਿ ਸਭ ਤਰ੍ਹਾਂ ਦੀਆਂ ਸ਼ਕਤੀਆਂ ਸਾਡੇ ਅੰਦਰ ਹੀ ਹਨ, ਜੇ ਅਕਾਸ਼ਬਾਣੀ ਹੁੰਦੀ ਹੈ ਤਾਂ ਉਹ ਸਾਡੇ ਆਪਣੇ ਅੰਦਰ ਦੀ ਸ਼ਕਤੀ ਹੀ ਕਰਵਾਂਦੀ ਹੈ, ਜੇ ਕਿਸੇ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ ਤਾਂ ਉਹ ਭੀ ਸਾਡੀ ਅੰਦਰ ਦੀ ਸ਼ਕਤੀ ਹੀ ਇਹ ਦਰਸ਼ਨ ਕਰਵਾਂਦੀ ਹੈ, ਜੋ ਦਿਲਾਂ ਰਾਹੀਂ ਆਵਾਜ਼ਾਂ ਪੁੱਜਦੀਆਂ ਹਨ। ਜਾਂ ਸਾਫ਼ ਸੁਫਨਿਆਂ ਵਿਚ ਗੁਪਤ ਗੱਲਾਂ ਜਾਂ ਹੋਣ ਵਾਲੀ ਗੱਲ ਸਾਨੂੰ ਦਿਸਦੀ ਹੈ ਤਾਂ ਭੀ ਇਹ ਸਾਡੀ ਆਪਣੀ ਅੰਦਰ ਦੀ ਆਤਮਕ ਸ਼ਕਤੀ ਦਾ ਹੀ ਚਮਤਕਾਰਾ ਹੁੰਦਾ ਹੈ। ਕਿਸੇ ਬਾਹਰ ਦੀ ਰੂਹ ਦਾ ਇਸ ਵਿਚ ਕੋਈ ਦਖ਼ਲ ਨਹੀਂ ਹੁੰਦਾ।

ਜਿਹੜੇ ਲੋਕੀਂ ਇਨ੍ਹਾਂ ਸਭ ਗੱਲਾਂ ਨੂੰ ਝੂਠ, ਛਲ, ਫਰੇਬ ਤੇ ਵਹਿਮ ਕਹਿ ਕੇ ਪਰੇ ਸੁੱਟ ਪਾਣ, ਉਨ੍ਹਾਂ ਨੂੰ ਤਾਂ ਮੈਂ ਇਹੋ ਹੀ ਕਹਾਂਗਾ ਕਿ ਉਹ ਸੱਚ ਲੱਭਣ ਦਾ ਯਤਨ ਹੀ ਨਹੀਂ ਕਰ ਰਹੇ। ਮਤ ਸਮਝੋ ਕਿ ਅਸੀਂ ਸਭ ਕੁਝ ਜਾਣਦੇ ਹਾਂ ਤੇ ਮਤ ਸਮਝੋ ਕਿ ਅਸੀਂ ਕੁਝ ਭੀ ਜਾਣ ਨਹੀਂ ਸਕਦੇ। ਮੈਨੂੰ ਆਪ ਕਈ ਇਸ ਤਰ੍ਹਾਂ ਦੇ ਚਮਤਕਾਰਿਆਂ ਦਾ ਪਤਾ ਹੈ, ਜਿਨ੍ਹਾਂ ਦੇ ਵਰਨਣ ਦਾ ਕੋਈ ਲਾਭ ਨਹੀਂ ਭਾਸਦਾ।

ਹੁਣ ਹੈ ਝਗੜਾ ਦੋ ਖ਼ਿਆਲਾਂ ਦਾ। ਇਕ ਮੰਨਦੇ ਹਨ ਕਿ ਸਾਡੇ ਆਲੇ-ਦੁਆਲੇ ਤੇ ਅੱਗੇ ਪਿੱਛੇ ਬਿਅੰਤ ਰੂਹਾਂ ਹਨ, ਜੋ ਸਾਡੇ ਰਾਹਉੱਤੇ ਚੰਗਾ-ਮੰਦਾ ਅਸਰ ਪਾ ਰਹੀਆਂ ਹਨ ਅਤੇ ਵੇਲੇ-ਕੁਵੇਲੇ ਸਾਨੂੰ ਗੁਪਤ ਸ਼ਕਤੀਆਂ ਦਾ ਚਮਤਕਾਰਾ ਭੀ ਵਿਖਾ ਰਹੀਆਂ

Sri Satguru Jagjit Singh Ji eLibrary NamdhariElibrary@gmail.com

ਹਨ। ਭੈੜੀਆਂ ਰੂਹਾਂ ਸਾਡੇ ਵਿਚ ਔਕੜਾਂ ਖੜੀਆਂ ਕਰਦੀਆਂ ਹਨ। ਸਾਨੂੰ ਦੁੱਖ ਵਿਚ ਸੁੱਟਦੀਆਂ, ਕੁਰਾਹੇ ਪਾਂਦੀਆਂ ਹਨ ਤੇ ਗਲਤ ਅਵਾਜ਼ਾਂ ਜਾਂ ਨਕਸ਼ੇ ਸਾਡੇ ਦਿਮਾਗਾਂ ਵਿਚ ਪਾਂਦੀਆਂ ਹਨ। ਚੰਗੀਆਂ ਰੂਹਾਂ ਸਾਡੀ ਮਦਦ ਕਰਦੀਆਂ ਹਨ, ਸਾਨੂੰ ਬਚਾਂਦੀਆਂ ਹਨ, ਸਾਨੂੰ ਸਿੱਧੇ ਰਾਹ ਲੈ ਜਾਂਦੀਆਂ ਹਨ ਅਤੇ ਵੇਲੇ-ਕਵੇਲੇ ਠੀਕ ਅਵਾਜ਼ਾਂ ਤੇ ਠੀਕ ਨਕਸ਼ੇ ਸਾਡੇ ਦਿਮਾਗ ਵਿਚ ਪਾਂਦੀਆਂ ਹਨ। ਦੂਜੀ ਧਿਰ ਵਾਲੇ ਅਥਵਾ ਸਾਇਕਿੱਕ ਇਹ ਸਭ ਗੱਲਾਂ ਮੰਨਦੇ ਹਨ ਪਰ ਕਹਿੰਦੇ ਹਨ ਕਿ ਇਹ ਸਭ ਕੁਝ ਸਾਡੀ ਆਪਣੀ ਅੰਦਰਲੀ ਅਥਵਾ ਆਤਮਕ ਸ਼ਕਤੀ ਦੇ ਕਾਰਨ ਹੁੰਦਾ ਹੈ ਤੇ ਬਾਹਰਲੀ ਕਿਸੇ ਰੂਹ ਦਾ ਇਸ ਵਿਚ ਦਖਲ ਨਹੀਂ ਹੈ।

✡ ✡ ✡

Sri Satguru Jagjit Singh Ji eLibrary NamdhariElibrary@gmail.com

www.archive.org/details/namdhari

੬.

# ਪ੍ਰੇਮਾ ਭਗਤੀ ਤੇ ਰਿਧੀ ਸਿਧੀ

ਆਦਮੀ ਦਾ ਹਰ ਇਕ ਕੰਮ ਅਸਲ ਵਿਚ ਉਸ ਦੇ ਅੰਦਰਲੇ ਖ਼ਿਆਲ ਜਾਂ ਖ਼ਿਆਲਾਂ ਦਾ ਬਾਹਰਲਾ ਰੂਪ ਹੁੰਦਾ ਹੈ। ਫਿਰ ਇਹ ਕੰਮ ਉਨ੍ਹਾਂ ਖ਼ਿਆਲਾਂ ਉੱਤੇ ਹੀ, ਜਿਨ੍ਹਾਂ ਦਾ ਫਲ ਇਹ ਆਪ ਸੀ, ਅਸਰ ਪਾਂਦਾ ਹੈ ਤੇ ਹੋਰ ਖ਼ਿਆਲ ਪੈਦਾ ਕਰਦਾ ਹੈ। ਖ਼ਿਆਲ ਤੇ ਕੰਮ ਨੂੰ ਅੱਡੋ-ਅੱਡਰਾ ਕਰਨਾ ਔਖਾ ਹੈ ਕਿਉਂਕਿ ਖ਼ਿਆਲ ਪੈਦਾ ਕਰਦੇ ਹਨ ਕੰਮ ਨੂੰ ਤੇ ਕੰਮ ਪੈਦਾ ਕਰਦਾ ਹੈ ਖ਼ਿਆਲਾਂ ਨੂੰ। ਇਸੇ ਕਰਕੇ ਭਜਨ, ਸੇਵਾ ਤੇ ਦਾਨ ਨੂੰ ਅੱਡੋ-ਅੱਡਰਾ ਕਰਨਾ ਜਾਂ ਸਮਝਣਾ ਭੁੱਲ ਹੈ ਪਰ ਖ਼ਿਆਲ ਤੇ ਕੰਮ ਤੋਂ ਵਧੇਰੇ ਸੂਖਮ ਤੇ ਵਧੇਰੇ ਡੂੰਘੀ ਵਸਤੂ ਹੈ ਪ੍ਰੇਮ, ਪ੍ਰੇਮ ਇਕੋ ਜਜ਼ਬਾ ਹੈ ਜੋ ਸਭ ਕੰਮਾਂ ਜਾਂ ਖ਼ਿਆਲਾਂ ਤੇ ਜਜ਼ਬਿਆਂ ਦੀ ਜੜ੍ਹ ਹੈ। ਪ੍ਰੇਮ ਦਾ ਜਜ਼ਬਾ ਹੀ ਸਾਡੇ ਸਭ ਉੱਤਮ ਜਜ਼ਬਿਆਂ ਤੇ ਗੁਣਾਂ ਦੀ ਜੜ੍ਹ ਹੈ ਤੇ ਇਹੋ ਜਜ਼ਬਾ ਹੀ ਪੁੱਠਾ ਹੋਇਆ ਸਭ ਮਾੜੇ ਜਜ਼ਬਿਆਂ ਤੇ ਔਗੁਣਾਂ ਦੀ ਜੜ੍ਹ ਹੈ। ਪ੍ਰੇਮ ਦਾ ਜਜ਼ਬਾ ਹੀ ਰੰਗ ਫੜ ਕੇ ਜਾਂ ਵਿਗੜ ਕੇ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਬਣਦਾ ਹੈ ਤੇ ਪ੍ਰੇਮ ਦਾ ਜਜ਼ਬਾ ਹੀ ਪਵਿੱਤਰ ਰੂਪ ਵਿਚ ਰਹਿ ਕੇ ਵਾਹਿਗੁਰੂ ਦਾ ਭਜਨ ਬਣਦਾ ਹੈ।

ਮਤ ਸਮਝੋ ਕਿ "ਵਾਹਿਗੁਰੂ ਵਾਹਿਗੁਰੂ" ਕਹਿਣਾ ਹੀ ਭਜਨ ਹੈ। ਭਜਨ ਹੈ ਉਸ ਅਗਾਧ ਗਤੀ ਅਥਵਾ ਵਾਹਿਗੁਰੂ ਦੇ ਪ੍ਰੇਮ ਵਿਚ ਪੈ ਕੇ ਪ੍ਰੇਮ ਰੂਪ ਹੋ ਜਾਣਾ:

ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਬੇਸ਼ੱਕ ਭਜਨ ਲਈ ਅਥਵਾ ਵਾਹਿਗੁਰੂ ਵਿਚ ਲੀਨ ਹੋਣ ਲਈ ਉਸ ਵਾਹਿਗੁਰੂ ਦੀ ਯਾਦ ਦੀ ਲੋੜ ਹੈ ਤੇ ਉਸ ਦੀ ਯਾਦ ਲਈ ਉਸ ਦਾ ਨਾਮ ਲੈਣਾ ਪੈਂਦਾ ਹੈ। ਪਰ ਯਾਦ ਨਫ਼ਰਤ ਨਾਲ ਜਾਂ ਲਾਲਚ ਨਾਲ ਜਾਂ ਕਿਸੇ ਹੋਰ ਨੀਵੇਂ ਜਜ਼ਬੇ ਨਾਲ ਭੀ ਤਾਂ ਹੋ ਸਕਦੀ ਹੈ ਤੇ ਉਸ ਵਾਹਿਗੁਰੂ ਦਾ ਨਾਮ ਲਾਪ੍ਰਵਾਹੀ ਨਾਲ, ਜਾਂ ਕਿਸੇ ਸ਼ਕਤੀ ਪ੍ਰਾਪਤ ਕਰਨ ਦੇ ਲਾਲਚ ਵਿਚ ਭੀ ਤਾਂ ਲਿਆ ਜਾ ਸਕਦਾ ਹੈ ਤੇ ਕਈ ਲੋਕੀਂ ਇਸ ਤਰ੍ਹਾਂ ਲੈਂਦੇ ਹਨ। ਇਸ ਤਰ੍ਹਾਂ ਦੀ ਯਾਦ ਜਾਂ ਇਸ ਤਰ੍ਹਾਂ ਦੇ ਲਏ ਨਾਮ ਨੂੰ ਭਜਨ ਨਹੀਂ ਕਹਿਣਾ ਚਾਹੀਦਾ।

ਭਜਨ ਉਹੋ ਹੀ ਹੈ ਜੋ ਨਿਰੋਲ ਸ਼ਰਧਾ (ਅਥਵਾ ਨਿਮ੍ਰਤਾ ਨਾਲ ਭਰੇ ਪ੍ਰੇਮ ਵਿਚ ਕੀਤਾ ਜਾਵੇ। ਵਹਿਮ ਵਿਚ ਜਾਂ ਕਿਸੇ ਕਿਸਮ ਦੇ ਲਾਲਚ ਲਈ ਹਠ ਨਾਲ ਵਾਹਿਗੁਰੂ ਦੇ ਨਾਮ ਦਾ ਜਾਪ ਕਰਨਾ ਭਜਨ ਨਹੀਂ ਹੈ ਪਰ ਇਹ ਗੱਲ ਭੀ ਪੱਕੀ ਹੈ ਕਿ ਵਾਹਿਗੁਰੂ ਦੇ ਨਾਮ ਦਾ ਭਜਨ ਸ਼ੁਰੂ ਕਰਨ ਸਮੇਂ ਹਰ ਤਰ੍ਹਾਂ ਦੇ ਜਜ਼ਬਾਤ ਤੇ ਕਮਜ਼ੋਰੀਆਂ ਜੋ ਮਨ ਵਿਚ ਹਨ, ਉਹ ਮੌਜੂਦ ਹੁੰਦੀਆਂ ਹਨ। ਹਠ ਜਾਂ ਹਉਮੈ ਤੋਂ ਬਚ ਕੇ ਨਿਰੋਲ

ਪ੍ਰੇਮ ਜਾਂ ਸ਼ਰਧਾ ਵਿਚ ਭਜਨ ਕਰਨਾ ਸ਼ੁਰੂ ਵਿਚ ਸੰਭਵ ਨਹੀਂ ਹੈ। ਹਉਮੈ ਤੇ ਗਰਜ਼ ਦੀ ਮੈਲ ਤੋਂ ਜੇ ਪਹਿਲਾਂ ਹੀ ਮਨ ਰਹਿਤ ਹੋਵੇ ਤਾਂ ਫਿਰ ਭਜਨ ਦੀ ਲੋੜ ਹੀ ਕੀ ਰਹੀ। ਭਜਨ ਤਾਂ ਮਨ ਨੂੰ ਹਉਮੈ ਤੋਂ ਸਾਫ਼ ਕਰਨ ਲਈ ਹੀ ਹੈ :

ਹਉਮੈ ਨਾਵੈ ਨਾਲਿ ਵਿਰੋਧੁ ਹੈ,
ਦੁਇ ਨ ਵਸਹਿ ਇਕ ਠਾਇ ॥ (ਪੰਨਾ ੫੬੦)

ਮਨ ਇਕ ਅਜੇਹਾ ਭਾਂਡਾ ਹੈ ਜੋ ਖਾਲੀ ਨਹੀਂ ਰਹਿ ਸਕਦਾ। ਇਹ ਹਉਮੈ ਨਾਲ ਭਰਿਆ ਹੋਇਆ ਹੈ। ਜਿਉਂ-ਜਿਉਂ ਇਸ ਵਿਚ ਪ੍ਰੇਮ ਭਰਦੇ ਜਾਉਗੇ, ਹਉਮੈ ਨਿਕਲਦੀ ਜਾਏਗੀ। ਹਉਮੈ ਨੂੰ ਕੱਢਣ ਲਈ ਹੀ ਤਾਂ ਪ੍ਰੇਮ ਦੇ ਭਰਨ ਦੀ ਲੋੜ ਹੈ। ਇਹ ਨਹੀਂ ਹੋ ਸਕਦਾ ਕਿ ਪਹਿਲਾਂ ਹਉਮੈ ਕੱਢ ਲਵੋ ਤੇ ਫਿਰ ਪ੍ਰੇਮ ਭਰੋ। ਪ੍ਰੇਮ ਦਾ ਦਬਾਅ ਪਾਂਦੇ ਚਲੋ ਤੇ ਹਉਮੈ ਨਿਕਲਦੀ ਜਾਵੇਗੀ। ਇਸ ਲਈ ਸ਼ੁਰੂ ਵਿਚ ਤਾਂ ਹਠ ਦਾ ਆਸਰਾ ਲੈਣਾ ਹੀ ਪਵੇਗਾ, ਭਜਨ ਅਥਵਾ ਨਾਮ ਜਪਣਾ ਸ਼ੁਰੂ ਕੀਤਾ ਜਾਵੇਗਾ ਹਠ ਨਾਲ ਪਰ ਨੀਅਤ ਤੇ ਯਤਨ ਹੋਵੇਗਾ ਮਨ ਵਿਚ ਪ੍ਰੇਮ ਤੇ ਸ਼ਰਧਾ ਭਰਨ ਦਾ। ਅਸਲ ਨਿਸ਼ਾਨਾ ਹੈ ਹਠ ਤੋਂ ਬਚਣਾ ਪਰ ਹਠ ਦੀ ਮਦਦ ਨਾਲ ਹੀ ਭਜਨ ਕਰਕੇ ਹਠ ਤੋਂ ਬਚਿਆ ਜਾ ਸਕਦਾ ਹੈ। "ਮਨ ਹੀ ਮਨ ਕੋ ਮਾਰਗੀ" ਹਠ ਜਾਂ ਯਤਨ ਉੱਤੇ ਆਸ ਰੱਖਣਾ ਕੁਰਾਹੇ ਪੈਣਾ ਹੈ ਪਰ ਹਠ ਤੇ ਯਤਨ ਦੀ ਮਦਦ ਜ਼ਰੂਰੀ ਲੈਣੀ ਪਵੇਗੀ। ਕਈ ਸੱਜਣ ਭਜਨ ਦਾ ਢੰਗ ਪੁੱਛਿਆ ਕਰਦੇ ਹਨ ਕਿਉਂਕਿ ਉਹ ਸਮਝਦੇ ਹਨ ਕਿ ਕਿਸੇ ਆਪਣੀ ਹਿਕਮਤ ਜਾਂ ਜਤਨ ਨਾਲ ਵਾਹਿਗੁਰੂ ਨੂੰ ਪਾਈਦਾ ਹੈ। ਜੋ ਭਜਨ ਕਰਨ ਵਿਚ ਆਪਣੇ ਕਿਸੇ ਜਤਨ ਜਾਂ ਢੰਗ ਉੱਤੇ ਪ੍ਰਮਾਤਮਾ ਦੀ ਪ੍ਰਾਪਤੀ ਦੀ ਆਸ ਰੱਖਦਾ ਹੈ, ਉਹ "ਅਗਾਧ ਗਤੀ" ਦੀ ਗਤੀ ਪਾਣ ਦਾ ਜਤਨ ਕਰਕੇ ਆਪਣੇ ਆਪ ਨੂੰ ਵਧੇਰੇ ਕੁਰਾਹੇ ਪਾ ਰਿਹਾ ਹੈ, ਜੇ ਕਰ ਵਾਹਿਗੁਰੂ ਦੀ ਪ੍ਰਾਪਤੀ ਦਾ ਕੋਈ ਢੰਗ ਹੈ ਤਾਂ ਕੇਵਲ ਇਹ ਹੈ ਕਿ ਸਭ ਢੰਗਾਂ ਤੇ ਯਤਨਾਂ ਉੱਤੇ ਆਸ ਛੱਡ ਕੇ ਉਸ ਦੇ ਦਰ ਉੱਤੇ ਢਹਿ ਪਵੇ। ਜਤਨ ਕਰੋ, ਆਪਣੇ ਜਤਨ ਉੱਤੇ ਭਰੋਸਾ ਛੱਡਣ ਦਾ। ਜਤਨ ਨਾਲ ਮਨ ਇਕਾਗਰ ਨਹੀਂ ਹੋ ਸਕਦਾ ਕਿਉਂਕਿ ਮਨ ਦੀ ਇਕਾਗ੍ਰਤਾ ਦਾ ਜਤਨ ਤਾਂ ਧਿਆਨ ਦਾ ਕੁਝ ਹਿੱਸਾ ਜਤਨ ਕਰਨ ਵਿਚ ਲਾ ਕੇ ਇਕਾਗ੍ਰਤਾ ਨੂੰ ਉਖੇੜਦਾ ਹੈ। ਮਨ ਦੀ ਇਕਾਗ੍ਰਤਾ ਜਤਨ ਦੇ ਆਸਰੇ ਅਸੰਭਵ ਹੈ, ਕੇਵਲ ਪ੍ਰੇਮ, ਆਪਾ-ਤਿਆਗ ਤੇ ਜਤਨ ਦੀ ਆਸ ਛੱਡ ਕੇ, ਪ੍ਰੇਮ ਵਿਚ ਮਨ ਦੇ ਨਿੱਸਲ ਜਿਹੇ ਹੋ ਕੇ ਉਸ ਵਾਹਿਗੁਰੂ ਦੀ ਕ੍ਰਿਪਾ ਉੱਤੇ ਡੋਰੀ ਛੱਡਣ ਨਾਲ ਉਸ ਦੀ ਕ੍ਰਿਪਾ ਦੇ ਪਾਤਰ ਬਣੀਦਾ ਹੈ ਪਰ ਇਸ ਤਰ੍ਹਾਂ ਕਰਦਿਆਂ ਫਿਰ ਭੀ ਜੇ ਕੁਝ ਆਸ ਇਸ ਢੰਗ ਉੱਤੇ ਬੰਨ੍ਹਦੇ ਹੋ ਤਾਂ ਫਿਰ ਸ਼ਰਧਾ ਵਿੱਚੋਂ ਨਿਕਲ ਕੇ ਹਉਮੈ ਵਿਚ ਡਿਗਦੇ ਹੋ। ਯਾਦ ਰੱਖੋ, ਨਿਸਚਾ ਰੱਖੋ ਤੇ ਇਸੇ ਨਿਸਚੇ ਨੂੰ ਪ੍ਰਪੱਕ ਕਰੋ ਕਿ ਆਪਣੇ ਵਸ ਕੁਝ ਨਹੀਂ, ਆਪਣਾ ਕੋਈ ਜਤਨ ਆਪਣਾ ਨਹੀਂ, ਜੋ ਜਤਨ "ਆਪਣਾ" ਹੈ ਉਹ ਮੈਲਾ ਹੈ। ਉਸ ਦੀ ਕ੍ਰਿਪਾ ਉੱਤੇ ਹੀ ਆਸ ਰੱਖੋ ਤੇ ਇਸੇ ਆਸ ਦੀ ਪਵਿੱਤਰਤਾ ਵਿਚ ਆਪਣੇ ਹਰ ਜਤਨ ਨੂੰ ਰੰਗਦੇ ਚਲੋ ਤੇ ਇਹੋ ਹੀ ਸਮਝੋ ਕਿ ਆਪਣਾ ਭਜਨ ਆਪਣੀ ਸੇਵਾ,

Sri Satguru Jagjit Singh Ji eLibrary NamdhariElibrary@gmail.com

ਆਪਣੇ ਸਾਧਨ ਕੇਵਲ ਸਿੰਗਾਰ ਹਨ, ਉਸ ਪਤੀ ਨੂੰ ਰੀਝਾਉਣ ਦੇ, ਪਰ ਇਹ ਪ੍ਰੇਮ ਪਿਆਲਾ ਹੱਥ ਉਸ ਪਤੀ ਪ੍ਰਮਾਤਮਾ ਦੇ ਹੈ :

ਇਹੁ ਪਿਰਮ ਪਿਆਲਾ ਖਸਮ ਕਾ
ਜੈ ਭਾਵੈ ਤੈ ਦੇਇ ॥ (ਪੰਨਾ ੯੪੭)

ਗੁਰੂ ਸਾਹਿਬਾਨ ਜਾਂ ਕਿਸੇ ਮਹਾਤਮਾ ਦੀ ਹਰ ਵਿਆਖਿਆ ਤਾਂ ਪ੍ਰੀਤਮ ਦੇ ਦੇਸ਼ ਦਾ ਨਕਸ਼ਾ ਹੈ ਪਰ ਨਕਸ਼ਾ ਤਾਂ ਉਹੋ ਹੀ ਵੇਖੇ, ਜਿਸ ਦੀਆਂ ਅੱਖਾਂ ਹੋਣ ਤੇ ਉਹੋ ਸਮਝੇ, ਜਿਸ ਨੂੰ ਨਾਲ ਸਮਝ ਭੀ ਹੋਵੇ ਪਰ ਜੇ ਅੱਖਾਂ ਤੇ ਸਮਝ ਦੋਵੇਂ ਭੀ ਹੋਣ ਤਾਂ ਭੀ ਕੇਵਲ ਨਕਸ਼ਾ ਵੇਖਣ ਨਾਲ ਤਾਂ ਪ੍ਰੀਤਮ ਦੇ ਦੇਸ਼ ਨਹੀਂ ਅਪੜਿਆ ਜਾ ਸਕਦਾ। ਪ੍ਰੀਤਮ ਦੇ ਦੇਸ਼ ਅਪੜਨ ਲਈ ਤਾਂ ਨਕਸ਼ੇ ਵਿਚ ਦਸੇ ਰਾਹ ਉੱਤੇ ਟੁਰਨਾ ਪਵੇਗਾ ਤੇ ਨਕਸ਼ੇ ਉੱਤੇ ਟੁਰਨ ਵਾਲੇ ਲਈ ਸਭ ਤੋਂ ਜ਼ਰੂਰੀ ਹਦਾਇਤ ਇਹ ਦਿੱਤੀ ਗਈ ਹੈ ਕਿ ਕਦਮ ਪੁੱਟਦੇ ਹੋਏ ਡੋਰੀ ਉਸ ਪ੍ਰੀਤਮ ਦੀ ਕ੍ਰਿਪਾ ਉੱਤੇ ਰੱਖਣੀ :

ਹਰਿ ਆਪੇ ਹੋਏ ਕ੍ਰਿਪਾਲੁ ਆਪਿ ਲਿਵ ਲਾਵਹਿਗੇ ॥ (ਪੰਨਾ ੧੩੨੧)

ਜੋ ਇਸ ਹਦਾਇਤ ਨੂੰ ਭੁੱਲੇਗਾ, ਉਹ ਫਿਸਲ ਕੇ ਡਿਗੇਗਾ ਤੇ ਹੋ ਸਕਦਾ ਹੈ ਕਿ ਕਿਸੇ ਡਿੱਗਣ ਵਿਚ ਉਕਾ ਸਿਰ ਹੀ ਤੁੜਾ ਲਵੇ ।

ਨਾਮ ਜਪਣਾ, ਸੇਵਾ ਕਰਨਾ, ਦਾਨ ਦੇਣਾ ਆਦਿ ਸਭ ਸਾਧਨ ਹਨ, ਜੋ ਕੁਰਾਹੇ ਭੀ ਲੈ ਜਾ ਸਕਦੇ ਹਨ। ਦਿਖਲਾਵੇ, ਲਾਲਚ ਜਾਂ ਪਖੰਡ ਦੇ ਆਸਰੇ ਹਰ ਨੇਕ ਕੰਮ ਬੁਰਾ ਬਣ ਜਾਂਦਾ ਹੈ। ਇਸੇ ਤਰ੍ਹਾਂ ਪ੍ਰੇਮ, ਸ਼ਰਧਾ, ਨਿਰਮਾਣਤਾ ਦੇ ਅਸਰ ਹੇਠਾਂ ਕੀਤਾ, ਹਰ ਬੁਰਾ ਨਜ਼ਰ ਆਵਣ ਵਾਲਾ ਕੰਮ ਭੀ ਨੇਕ ਬਣ ਜਾਂਦਾ ਹੈ । ਇਸ ਸਮੇਂ ਮੈਂ ਬਾਕੀ ਜਤਨਾਂ ਨੂੰ ਛੱਡ ਕੇ ਕੇਵਲ ਨਾਮ ਜਪਣ ਦੇ ਜਤਨ ਦੇ ਸਬੰਧ ਵਿਚ ਇਕ ਅੱਧ ਮੋਟੀ ਜਿਹੀ ਗੱਲ ਕਹਿਣਾ ਚਾਹੁੰਦਾ ਹਾਂ—

ਜਦ ਕੋਈ ਸੱਜਣ ਨਾਮ ਜਪਣਾ ਸ਼ੁਰੂ ਕਰਦਾ ਹੈ ਤਾਂ ਉਸ ਦੇ ਮਨ ਵਿਚ ਕਈ ਤਰ੍ਹਾਂ ਦੀਆਂ ਇਛਾਵਾਂ ਰਲੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚ ਕਈ ਮਾੜੀਆਂ ਹੁੰਦੀਆਂ ਹਨ। ਜੇ ਕਿਸੇ ਚੰਗੀ ਇੱਛਾ ਦਾ ਪ੍ਰਭਾਵ ਵਧਦਾ ਜਾਵੇ ਤਾਂ ਜਗਿਆਸੂ ਸਿੱਧੇ ਰਾਹ ਟੁਰਿਆ ਜਾਂਦਾ ਹੈ ਪਰ ਜੇ ਕਿਸੇ ਮਾੜੀ ਇੱਛਾ ਦਾ ਪ੍ਰਭਾਵ ਵਧਦਾ ਜਾਵੇ ਤਾਂ ਉਹ ਅਗਲੇ ਹਾਲੋਂ ਭੀ ਜਾਂਦਾ ਹੈ। ਕਿਸੇ ਮਹਾਤਮਾ ਨੇ ਠੀਕ ਕਿਹਾ ਹੈ :

"ਫਕੀਰਾ ਫਕੀਰੀ ਦੂਰ ਹੈ ।
ਜਿਉਂ ਉਚੀ ਲੰਮੀ ਖਜੂਰ ਹੈ ।
ਚੜ੍ਹ ਜਾਏਂ ਤਾਂ ਪੀਵੇਂ ਪ੍ਰੇਮ ਰਸ,
ਢਹਿ ਪਵੇਂ ਤਾਂ ਚਿਕਨਾਚੂਰ ਹੈ ।"

ਪਰ ਫਕੀਰੀ ਦੀ ਖਜੂਰ ਉੱਤੇ ਚੜ੍ਹ ਕੇ "ਪ੍ਰੇਮ ਰਸ" ਪੀਣ ਵਾਲੇ ਥੋੜ੍ਹੇ ਹਨ ਤੇ ਢਹਿ ਕੇ ਚਿਕਨਾਚੂਰ ਹੋਏ ਬਹੁਤੇ ਹਨ।

ਗੱਲ ਇਹ ਹੈ ਕਿ ਵਾਹਿਗੁਰੂ ਨਾਮ ਜਪਣ ਵਾਲੇ ਦੇ ਮਨ ਵਿਚ ਸ਼ੁਰੂ ਵਿਚ ਮਾਇਆ ਦੀ ਇੱਛਾ ਅਥਵਾ ਰਿਧੀ-ਸਿਧੀ ਦੀ ਪ੍ਰਾਪਤੀ ਦੀ ਇੱਛਾ ਜ਼ਰੂਰ ਹੁੰਦੀ ਹੈ,

Sri Satguru Jagjit Singh Ji eLibrary NamdhariElibrary@gmail.com

ਜੋ ਵੈਰਾਗ ਵਿਚ ਆ ਕੇ ਪ੍ਰੇਮ ਦੇ ਆਸਰੇ ਇਸ ਰਾਹ ਉੱਤੇ ਤੁਰਦੇ ਹਨ, ਉਹਨਾਂ ਦੇ ਮਨਾਂ ਵਿਚ ਭੀ ਇਹ ਇੱਛਾਵਾਂ ਹੁੰਦੀਆਂ ਹਨ ਤੇ ਕੁਝ ਦਿਨ ਵੈਰਾਗ ਦੇ ਵਹਿਣ ਹੇਠ ਦੱਬੀਆਂ ਭੀ ਰਹਿਣ ਤਾਂ ਫਿਰ ਉੱਤੇ ਆ ਜਾਂਦੀਆਂ ਹਨ। ਜੇ ਕਿਸੇ ਖਾਸ ਹਾਲਤ ਵਿਚ ਇਹ ਨੀਵੀਆਂ ਇੱਛਾਵਾਂ ਪੱਕੀਆਂ ਦੱਬ ਜਾਣ ਤਾਂ ਉਹ ਪੁਰਸ਼ ਤਾਂ ਪ੍ਰੇਮਾ-ਭਗਤੀ ਨੂੰ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ ਪਰ ਕਈ ਤਾਂ ਨਿਰੋਲ 'ਰਿਧੀ-ਸਿਧੀ' ਪ੍ਰਾਪਤ ਕਰਨ ਦੀ ਇੱਛਾ ਲੈ ਕੇ ਟੁਰਦੇ ਹਨ। ਜੋ ਰਿਧੀ-ਸਿਧੀ ਪ੍ਰਾਪਤ ਕਰਨ ਦੀ ਇੱਛਾ ਨਾਲ ਟੁਰਦੇ ਹਨ, ਉਹ ਤਾਂ ਪਹਿਲਾਂ ਹੀ ਡਿੱਗਣ ਵਾਲੇ ਰਾਹ ਤੁਰੇ ਹਨ। ਕਿਸੇ ਤਰ੍ਹਾਂ ਦੀ ਰਿਧੀ ਦੀ ਪ੍ਰਾਪਤੀ ਦੀ ਇੱਛਾ ਖ਼ੁਦਗਰਜ਼ੀ ਹੈ ਤੇ ਆਪੰਣਾ ਅਹੰਕਾਰ ਜਾਂ ਆਪਣੀ ਸ਼ਕਤੀ ਵਧਾਉਣ ਲਈ ਹੈ। ਇਸ ਵਿਚ ਆਪਾ ਤਿਆਗ ਨਹੀਂ ਹੈ, ਆਪਾ ਪੱਕਾ ਕਰਨਾ ਹੈ। ਇਹ ਪੈਸੇ ਦੇ ਲਾਲਚ ਨਾਲੋਂ ਵਧੇਰੇ ਮਾੜਾ ਲਾਲਚ ਹੈ। ਇਹ ਇੱਛਾ ਲੈ ਕੇ ਟੁਰਿਆ ਸੱਜਣ ਵਾਹਿਗੁਰੂ ਦੇ ਨੇੜੇ ਨਹੀਂ ਜਾ ਰਿਹਾ, ਸ਼ੈਤਾਨ ਦੇ ਨੇੜੇ ਜਾ ਰਿਹਾ ਹੈ। ਇਸ ਵਿਚ ਉਸ ਨੂੰ ਕਾਮਯਾਬੀ ਹੁੰਦੀ ਹੈ, ਤਾਂ ਇਹ ਉਸੇ ਤਰ੍ਹਾਂ ਦੀ ਸਮਝੋ, ਜਿਸ ਤਰ੍ਹਾਂ ਦੀ ਕਿ ਮਾਇਆ ਕਮਾਣ ਦੀ ਇੱਛਾ ਵਾਲੇ ਨੂੰ ਅਮੀਰ ਬਣ ਜਾਣ ਵਿਚ ਹੁੰਦੀ ਹੈ, ਜੋ ਆਮ ਕਰਕੇ ਵਾਹਿਗੁਰੂ ਤੋਂ ਵਧੇਰੇ ਪਰੇ ਲੈ ਜਾਣ ਦਾ ਕਾਰਨ ਬਣਦੀ ਹੈ।

ਪਰ ਆਮ ਕਰਕੇ ਵਾਹਿਗੁਰੂ ਦੇ ਰਾਹ ਉੱਤੇ ਟੁਰਨ ਵਾਲੇ ਜਗਿਆਸੂ ਦੇ ਮਨ ਵਿਚ ਪ੍ਰੇਮ ਤੇ ਰਿਧੀ-ਸਿਧੀ ਦੀ ਇੱਛਾ ਦੋਵੇਂ ਰਲੀਆਂ-ਮਿਲੀਆਂ ਹੁੰਦੀਆਂ ਹਨ। ਕੁਝ ਚਿਰ ਦੇ ਭਜਨ ਨਾਲ ਇਕ ਭਾਵ ਵਧ ਜਾਂਦਾ ਹੈ। ਕੋਈ ਕੋਈ ਤਾਂ ਪ੍ਰਮਾਤਮਾ ਦੇ ਪ੍ਰੇਮ ਵੱਲ ਵਧਣ ਲੱਗ ਜਾਂਦਾ ਹੈ ਤੇ ਕੋਈ ਰਿਧੀ-ਸਿਧੀ ਦੇ ਲਾਲਚ ਵਿਚ ਫਸ ਕੇ ਕੁਰਾਹੇ ਪੈ ਜਾਂਦਾ ਹੈ। ਜੋ ਰਿਧੀ-ਸਿਧੀ ਦੇ ਲਾਲਚ ਵਿਚ ਪੈ ਜਾਂਦਾ ਹੈ, ਉਹ ਆਪਣੀ ਹਉਮੈ ਤੇ ਅਹੰਕਾਰ ਵਧਾਂਦਾ ਤੇ ਵਾਹਿਗੁਰੂ ਤੋਂ ਪਰੇ ਜਾਂਦਾ ਹੈ। ਜੋ ਪ੍ਰੇਮ-ਭਗਤੀ ਵਿਚ ਵਧਦਾ ਹੈ ਉਹ "ਪ੍ਰੀਤਮ ਦੇ ਦੇਸ" ਨੂੰ ਪੁੱਜ ਦਾ ਹੈ। ਅਜੇਹੇ ਪ੍ਰੇਮਾ-ਭਗਤੀ ਵਾਲੇ ਪੁਰਸ਼ ਨੂੰ ਭੀ ਸਹਿਜੇ ਹੀ ਰਿਧੀ-ਸਿਧੀ ਪ੍ਰਾਪਤ ਹੁੰਦੀ ਹੈ। ਪ੍ਰੇਮਾ ਭਗਤੀ ਵਾਲਾ ਰਿਧੀ ਸਿਧੀ ਦੇ ਮਗਰ ਨਹੀਂ ਭਜਦਾ, ਰਿਧੀਆਂ-ਸਿਧੀਆਂ ਉਸ ਦੇ ਮਗਰ ਭਜਦੀਆਂ ਹਨ। ਰਿਧੀ-ਸਿਧੀ ਰਾਹੀਂ ਨਾਮ ਨੂੰ ਖੋਜਣ ਦਾ ਜਤਨ ਕ਼ਰਨਾ ਕੁਰਾਹੇ ਪੈਣਾ ਹੈ। ਰਿਧੀ ਸਿਧੀ ਨਾਮ ਨੂੰ ਪ੍ਰਾਪਤ ਕਰਾਂਦੀ ਹੈ ਪਰ ਨਾਮ ਦੀ ਪ੍ਰਾਪਤੀ ਰਿਧੀ-ਸਿਧੀ ਸਹਿਜੇ ਹੀ ਲੈ ਆਂਵਦੀ ਹੈ। ਪ੍ਰੇਮਾ-ਭਗਤੀ ਵਾਲੇ ਮਹਾਤਮਾ ਦੇ ਮਗਰ ਤਾਂ ਰਿਧੀਆਂ-ਸਿਧੀਆਂ ਪਰਛਾਵੇਂ ਵਾਂਗੂੰ ਲੱਗੀਆਂ ਫਿਰਦੀਆਂ ਹਨ। ਰਿਧੀ-ਸਿਧੀ ਤਾਂ ਭਗਤੀ ਦੇ ਰਾਹ ਵਿਚ ਰੋਕ ਸਾਬਤ ਹੋ ਸਕਦੀ ਹੈ ਕਿਉਂਕਿ ਇਹ ਜਗਿਆਸੂ ਨੂੰ ਇਸ ਤਰ੍ਹਾਂ ਦੀ ਸ਼ਕਤੀ ਦੇ ਲਾਲਚ ਵਿਚ ਫਸਾ ਕੇ ਡੇਗ ਦੇਂਦੀ ਹੈ ਪਰ ਜੇ ਜਗਿਆਸੂ ਇਹ ਰਿਧੀ-ਸਿਧੀ ਵਾਲੀ ਨੀਵੀਂ ਇੱਛਾ ਵਿਚ ਨਾ ਫਸੇ ਤਾਂ ਇਸ ਦੇ ਚਮਤਕਾਰੇ ਉਸ ਜਗਿਆਸੂ ਦੇ ਰਾਹ ਉੱਤੇ ਭਰੋਸਾ ਭੀ ਬਨ੍ਹਾਂਦੇ ਹਨ। ਸਹਿਜੇ ਪ੍ਰਾਪਤ ਹੋਈ ਰਿਧੀ-ਸਿਧੀ ਤਾਂ ਮਦਦਗਾਰ ਸਾਬਤ ਹੁੰਦੀ ਹੈ ਪਰ ਇਸ ਦਾ ਲਾਲਚ ਤਾਂ ਗਿਰਾਵਟ

Sri Satguru Jagjit Singh Ji eLibrary NamdhariElibrary@gmail.com

ਵਿਚ ਲੈ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ :

ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥
(ਪੰਨਾ ੬੫੦)

ਪ੍ਰੇਮਾ-ਭਗਤੀ ਦਾ ਜ਼ਰੂਰੀ ਅੰਗ ਇਹ ਵਿਸ਼ਵਾਸ ਭੀ ਹੈ ਕਿ ਆਪਣੇ ਜਤਨ ਨਾਲ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ, ਸਗੋਂ ਉਸ ਵਾਹਿਗੁਰੂ ਦੀ ਕਿਰਪਾ ਨਾਲ ਹੀ ਹੁੰਦੀ ਹੈ। ਜਿਉਂ-ਜਿਉਂ ਆਦਮੀ ਪ੍ਰੇਮਾ-ਭਗਤੀ ਵਿਚ ਵਧਦਾ ਹੈ ਤਿਉਂ-ਤਿਉਂ ਉਸ ਦਾ ਵਿਸ਼ਵਾਸ ਆਪਣੇ ਜਤਨ ਦੀ ਥਾਂ ਉਸ ਪ੍ਰਮਾਤਮਾ ਦੀ ਕਿਰਪਾ ਉੱਤੇ ਹੁੰਦਾ ਜਾਂਦਾ ਹੈ :

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ (ਪੰਨਾ ੧੦੩)

ਆਪਣੇ ਜਤਨ ਉੱਤੇ ਭਰੋਸਾ ਕਰਨਾ ਤਾਂ ਹਉਮੈ ਵਧਾਂਦਾ ਹੈ ਤੇ ਇਸ ਕਰਕੇ ਕੁਰਾਹੇ ਪਾਂਦਾ ਹੈ :

ਘਾਲ ਨ ਮਿਲਿਓ ਸੇਵ ਨ ਮਿਲਿਓ,
ਮਿਲਿਓ ਆਇ ਅਚਿੰਤਾ ॥
ਜਾ ਕਉ ਦਇਆ ਕਰੀ ਮੇਰੈ ਠਾਕੁਰਿ,
ਤਿਨਿ ਗੁਰਹਿ ਕਮਾਨੋ ਮੰਤਾ ॥ (ਪੰਨਾ ੬੭੨)

* * *

Sri Satguru Jagjit Singh Ji eLibrary NamdhariElibrary@gmail.com

## ੧੦.

# ਨੇਕ-ਨੀਤੀ ਜਾਂ ਬਾ-ਅਸੂਲੀ

ਇਕੋ ਕੰਮ ਅੱਡੋ-ਅੱਡਰੇ ਖ਼ਿਆਲ ਨਾਲ ਕੀਤਾ ਜਾ ਸਕਦਾ ਹੈ। ਇਕ ਆਦਮੀ ਆਪਣੀ ਕੌਮ ਦੇ ਬਚਾਓ ਲਈ ਝੂਠ ਬੋਲਦਾ ਹੈ, ਇਸ ਵਿਚ ਉਸ ਦੀ ਆਪਣੀ ਕੋਈ ਖ਼ੁਦਗਰਜ਼ੀ ਨਹੀਂ ਹੈ। ਇਸ ਨੂੰ ਨੇਕਨੀਤੀ ਤਾਂ ਕਿਹਾ ਜਾ ਸਕਦਾ ਹੈ, ਪਰ ਬਾ-ਅਸੂਲੀ ਕਹਿਣ ਤੋਂ ਮੈਨੂੰ ਝਿਜਕ ਹੈ। ਇਹ ਮੇਰੇ ਲਈ ਕਹਿਣਾ ਕਿ ਕਿਹੜੀ ਬਾ-ਅਸੂਲੀ ਹੈ ਬਹੁਤ ਔਖਾ ਹੈ। ਮੁਢਲਾ ਅਸੂਲ ਤਾਂ ਹੈ ਉਸ ਵਾਹਿਗੁਰੂ ਦੀ ਪ੍ਰਾਪਤੀ। ਇਸ ਮੁਢਲੇ ਅਸੂਲ ਦੇ ਤਾਬੇ ਇਸੇ ਅਸੂਲ ਦੀ ਪੂਰਤੀ ਲਈ ਕਈ ਹੋਰ ਅਸੂਲ ਬਣਦੇ ਹਨ। ਉਹ ਅਸੂਲ ਠੀਕ ਹਨ ਜਦ ਤਕ ਕਿ ਉਨ੍ਹਾਂ ਵਿੱਚੋਂ ਕਿਸੇ ਦੀ ਇਸ ਮੁਢਲੇ ਅਸੂਲ ਨਾਲ ਟੱਕਰ ਨਹੀਂ ਹੁੰਦੀ। ਕਈ ਵੇਰਾਂ ਦੋ ਅਸੂਲ ਅਜੇਹੇ ਸਾਹਮਣੇ ਆ ਜਾਂਦੇ ਹਨ ਕਿ ਉਨ੍ਹਾਂ ਵਿਚ ਫ਼ੈਸਲਾ ਕਰਨਾ ਔਖਾ ਹੋ ਜਾਂਦਾ ਹੈ ਕਿ ਕਿਸ ਉੱਤੇ ਅਮਲ ਕੀਤਾ ਜਾਵੇ। ਮਿਸਾਲ ਦੇ ਤੌਰ 'ਤੇ ਇਹ ਲਵੋ—ਇਕ ਬੇਬੱਸ ਲੜਕੀ ਦੇ ਮਗਰ ਜ਼ਾਲਮ ਗੁੰਡੇ ਲਗਦੇ ਹਨ ਤੇ ਲੜਕੀ ਭੱਜ ਕੇ ਤੁਹਾਡੇ ਕੋਲ ਆ ਜਾਂਦੀ ਹੈ ਤੇ ਤੁਸੀਂ ਉਸ ਨੂੰ ਲੁਕਾ ਲੈਂਦੇ ਹੋ। ਗੁੰਡੇ ਮਗਰ ਆਉਂਦੇ ਹਨ ਤੇ ਲੜਕੀ ਦਾ ਪਤਾ ਤੁਹਾਥੋਂ ਪੁੱਛਦੇ ਹਨ, ਹੁਣ ਤੁਹਾਡੇ ਕੋਲ ਲੜਕੀ ਨੂੰ ਬਚਾਣ ਦਾ ਇਕੋ ਵਸੀਲਾ ਹੈ ਕਿ ਝੂਠ ਬੋਲ ਕੇ ਗੁੰਡਿਆਂ ਨੂੰ ਕੁਰਾਹੇ ਪਾ ਦੇਵੋ। ਇਥੇ ਦੋ ਅਸੂਲਾਂ ਦੀ ਟੱਕਰ ਹੈ—ਇਕ ਅਸੂਲ ਹੈ ਨਿਰਾਸਰੇ ਤੇ ਬਿਦੋਸ਼ੇ ਨੂੰ ਬਚਾਣਾ ਤੇ ਦੂਜਾ ਅਸੂਲ ਹੈ ਸੱਚ ਬੋਲਣਾ। ਇਸ ਵੇਲੇ ਤਾਂ ਮੈਨੂੰ ਇਹੋ ਸਮਝ ਆਉਂਦੀ ਹੈ ਕਿ ਮੈਂ ਇਹੋ ਜਿਹੀ ਹਾਲਤ ਵਿਚ ਝੂਠ ਬੋਲ ਕੇ ਪਹਿਲਾ ਅਸੂਲ ਹੀ ਕਾਇਮ ਰਖਾਂਗਾ ਪਰ ਠੀਕ ਤੇ ਪੂਰੇ ਹਾਲਾਤ ਨੂੰ ਵੇਖ ਕੇ ਹੀ ਪੱਕਾ ਫ਼ੈਸਲਾ ਕੀਤਾ ਜਾ ਸਕਦਾ ਹੈ ਪਰ ਕੋਈ ਸੱਜਣ ਦੂਜਾ ਫ਼ੈਸਲਾ ਭੀ ਕਰ ਸਕਦਾ ਹੈ।

ਮੁਢਲੀ ਗੱਲ ਇਹ ਹੈ ਕਿ ਜਦ ਦੋ ਅਸੂਲਾਂ ਦੀ ਟੱਕਰ ਆ ਜਾਵੇ ਤਾਂ ਫ਼ੈਸਲਾ ਕਰਨਾ ਔਖਾ ਹੋ ਜਾਂਦਾ ਹੈ ਤੇ ਕਈ ਵੇਰਾਂ ਆਦਮੀ ਨੇਕਨੀਤੀ ਨਾਲ ਬੇ-ਅਸੂਲੀ ਕਰ ਬੈਠਦਾ ਹੈ। ਅਜੇਹੀ ਹਾਲਤ ਵਿਚ ਇਕ ਹੋਰ ਵੱਡਾ ਅਸੂਲ ਹੈ, ਜਿਸ ਨੂੰ ਕਦੀ ਨਜ਼ਰ-ਅੰਦਾਜ਼ ਨਹੀਂ ਕਰਨਾ ਚਾਹੀਦਾ। ਉਹ ਅਸੂਲ ਹੈ ਕਿ ਜਦ ਭੀ ਆਪਣੀ ਭੁੱਲ ਦਾ ਪਤਾ ਲੱਗੇ, ਝੱਟ ਉਸ ਨੂੰ ਸੋਧਣ ਲਈ ਤਿਆਰ ਹੋ ਜਾਣਾ ਚਾਹੀਦਾ ਹੈ। ਫਿਰ ਕੋਈ ਭੁੱਲ ਸਾਨੂੰ ਫਸਾ ਨਹੀਂ ਸਕਦੀ, ਪਰ ਜੇ ਕੋਈ ਸੱਜਣ ਨੇਕਨੀਤੀ ਨਾਲ ਹੀ ਕੋਈ ਗਲਤੀ ਕਰ ਬੈਠੇ ਤੇ ਫਿਰ ਜ਼ਿਦ ਵਿਚ ਉਸ ਨੂੰ ਸੋਧਣ ਲਈ ਤਿਆਰ ਨਾ ਹੋਵੇ, ਤਾਂ ਉਸ ਦੀ ਭੁੱਲ ਵਧਦੀ ਹੀ ਜਾਵੇਗੀ ਤੇ ਉਹ ਕਈ ਹੋਰ ਬੇ-ਅਸੂਲੀਆਂ ਵਿਚ ਫਸ ਜਾਵੇਗਾ।

Sri Satguru Jagjit Singh Ji eLibrary NamdhariElibrary@gmail.com

ਬਾਬਾ ਰਾਮ ਰਾਏ ਜੀ ਨੂੰ ਜਦ ਗੁਰੂ ਜੀ ਨੇ ਬਾਦਸ਼ਾਹ ਨਾਲ ਗੱਲਬਾਤ ਕਰਨ ਘੱਲਿਆ ਤਾਂ ਰਾਮਰਾਏ ਜੀ ਨੇ ਬਾਦਸ਼ਾਹ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੁਕ ਬਦਲੀ। ਉਨ੍ਹਾਂ ਨੇ "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ" ਦੀ ਥਾਂ "ਮਿਟੀ ਬੇਈਮਾਨ ਕੀ ਪੇੜੈ ਪਈ ਕੁਮਿਆਰ" ਕਿਹਾ। ਇਹ ਗੱਲ ਰਾਮ ਰਾਇ ਜੀ ਨੇ ਕੇਵਲ ਇਸ ਨੀਅਤ ਨਾਲ ਕਹੀ ਕਿ ਬਾਦਸ਼ਾਹ ਗੁਰੂ ਸਾਹਿਬ ਤੇ ਸਿੱਖਾਂ ਦੇ ਗਲ ਨਾ ਪੈ ਜਾਵੇ। ਇਸ ਵਿਚ ਰਾਮ ਰਾਏ ਜੀ ਦੀ ਕੋਈ ਖ਼ੁਦਗਰਜ਼ੀ ਨਹੀਂ ਸੀ। ਉਨ੍ਹਾਂ ਨੇ ਇਹ ਤੁਕ ਸਿੱਖਾਂ ਦੇ ਭਲੇ ਲਈ ਪਲਟੀ। ਇਸ ਵਿਚ ਉਨ੍ਹਾਂ ਦੀ ਉੱਕੀ ਕੋਈ ਬਦਨੀਤੀ ਨਹੀਂ ਸੀ ਪਰ ਇਹ ਬੇ-ਅਸੂਲੀ ਸੀ। ਗੁਰੂ ਸਾਹਿਬ ਇਸ ਬੇ-ਅਸੂਲੀ ਦੇ ਕਾਰਨ ਬਾਬਾ ਰਾਮ ਰਾਏ ਜੀ ਉੱਤੇ ਨਰਾਜ਼ ਹੋਏ ਤੇ ਰਾਮ ਰਾਏ ਜੀ ਆਪਣੀ ਭੁੱਲ ਮੰਨਣ ਦੀ ਥਾਂ ਇਸ ਉੱਤੇ ਡੱਟ ਗਏ। ਉਨ੍ਹਾਂ ਨੇ ਬਾਦਸ਼ਾਹ ਤੋਂ ਜਗੀਰ ਲਈ ਤੇ ਬਾਦਸ਼ਾਹ ਦੀ ਮਦਦ ਨਾਲ ਮੁਕਾਬਲੇ ਵਿਚ ਗੁਰੂ ਬਣੇ। ਇਕ ਬੇ-ਅਸੂਲੀ ਉੱਤੇ ਡਟਣ ਨਾਲ ਫਿਰ ਕਈ ਹੋਰ ਬੇ-ਅਸੂਲੀਆਂ ਕਰਨੀਆਂ ਪਈਆਂ।

ਇਸ ਲਈ ਹਰ ਮਨੁੱਖ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਜਦ ਭੀ ਕਿਸੇ ਭੁੱਲ ਦੀ ਸਮਝ ਪੈ ਜਾਵੇ, ਤਾਂ ਉਸ ਉੱਤੇ ਉਹ ਡਟੇ ਨਾਂਹ ਕਿਉਂਕਿ ਸਭ ਤੋਂ ਵੱਡਾ ਝੂਠ ਇਹ ਹੈ ਤੇ ਇਹ ਆਪਣੀ ਆਤਮਾ ਨਾਲ ਠੱਗੀ ਕਰਨਾ ਹੈ।

ਨੇਕ-ਨੀਤੀ ਨਾਲ ਬੇ-ਅਸੂਲੀ ਕੀਤੀ ਹੋਈ ਦਰੁਸਤ ਹੋ ਸਕਦੀ ਹੈ ਜੇ ਕੋਈ ਜ਼ਿਦ ਨਾ ਪਕੜ ਜਾਏ ਪਰ ਜੇ ਜ਼ਿਦ ਪਕੜ ਜਾਏ, ਉਹ ਨਾ ਕੇਵਲ ਬੇ-ਅਸੂਲਾ ਹੀ ਹੋਇਆ, ਸਗੋਂ ਉਸ ਦੀ ਨੀਯਤ ਭੀ ਫਿਰ ਵਿਗੜ ਜਾਂਦੀ ਹੈ। ਜੇ ਤੁਸੀਂ ਨੇਕ-ਨੀਤੀ ਨਾਲ ਕੋਈ ਬੇ-ਅਸੂਲੀ ਕਰ ਬੈਠੇ ਹੋ ਤਾਂ ਜੇ ਤੁਸੀਂ ਆਪਣੀ ਨੇਕਨੀਤੀ ਉੱਤੇ ਕਾਇਮ ਰਹੋਗੇ ਤਾਂ ਬੇ-ਅਸੂਲੀ ਤੋਂ ਬਚ ਨਿਕਲੋਗੇ ਕਿਉਂਕਿ ਡਟਵੀਂ ਨੇਕ-ਨੀਤੀ ਦਾ ਲਾਜ਼ਮੀ ਨਤੀਜਾ ਬੇ-ਅਸੂਲੀ ਤੋਂ ਮੁੜ ਪੈਣਾ ਨਿਕਲੇਗਾ ਪਰ ਜੇ ਤੁਸੀਂ ਜ਼ਿਦ ਪਕੜ ਜਾਓਗੇ ਤਾਂ ਤੁਹਾਡੀ ਨੇਕ-ਨੀਤੀ ਵਿੱਚੇ ਭਸਮ ਹੋ ਜਾਵੇਗੀ। ਤੁਹਾਡੀ ਬੇ-ਅਸੂਲੀ ਤੁਹਾਡੀ ਨੇਕ-ਨੀਤੀ ਨੂੰ ਖਾ ਜਾਵੇਗੀ ਤੇ ਤੁਹਾਡੀ ਨੀਅਤ ਹੀ ਬਦਲ ਜਾਵੇਗੀ।

✲ ✲ ✲

Sri Satguru Jagjit Singh Ji eLibrary NamdhariElibrary@gmail.com

## ੧੧.

# ਮਨ ਕੀ ਮਤ ਤੇ ਗੁਰ ਕੀ ਮਤ

ਜਿਸ ਆਦਮੀ ਨਾਲ ਭੀ ਗੱਲ ਕਰੋ, ਉਹ ਇਹ ਮੰਨਦਾ ਹੈ ਕਿ ਮੇਰੀ ਅਕਲ ਗਲਤ ਹੋ ਸਕਦੀ ਹੈ ਆਪਣੀ ਅਕਲ ਨੂੰ ਮੁਕੰਮਲ ਮੰਨਣਾ ਬੜੀ ਬੇ-ਅਕਲੀ ਹੈ। ਪਰ ਜ਼ਬਾਨੋ-ਜ਼ਬਾਨੀ ਇਹ ਗੱਲ ਮੰਨਦਾ ਹੋਇਆ ਭੀ ਹਰ ਇਕ ਆਦਮੀ ਬਥੇਰੀ ਵੇਰਾਂ ਆਪਣੀ ਅਕਲ ਨੂੰ ਮੁਕੰਮਲ ਮੰਨਣ ਵੱਲ ਝੁੱਕ ਜਾਂਦਾ ਹੈ। ਮੈਨੂੰ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਅਕਲ ਇਕ ਦੀਵਾ ਹੈ, ਜਿਸ ਨੂੰ ਲੈ ਕੇ ਆਦਮੀ ਤੁਰਦਾ ਹੈ ਪਰ ਇਸ ਦੀਵੇ ਦਾ ਚਾਨਣ ਬਹੁਤ ਮੱਧਮ ਤੇ ਬਹੁਤ ਰੰਗਦਾਰ ਹੈ, (ਬਹੁਤ ਰੰਗਦਾਰ ਦਾ ਭਾਵ ਇਹ ਹੈ ਕਿ ਇਸ ਦੇ ਰੰਗ ਬਦਲਦੇ ਰਹਿੰਦੇ ਹਨ)। ਇਸ ਕਾਲੀ ਬੋਲੀ ਤੂਫ਼ਾਨਾਂ ਦੀ ਭਰੀ ਰਾਤ ਵਿਚ ਹਵਾ ਦੇ ਝਕੋਲਿਆਂ ਨਾਲ ਇਸ ਦੀ ਲੰਬ ਭੀ ਇਤਨੀ ਇਧਰ-ਉਧਰ ਡੋਲਦੀ ਹੈ ਕਿ ਇਸ ਮੱਧਮ ਦੀਵੇ ਦਾ ਰੰਗਦਾਰ ਚਾਨਣ ਹਰ ਘੱਟ ਭਰੋਸੇਯੋਗ ਹੋ ਜਾਂਦਾ ਹੈ। ਇਸ ਦੀਵੇ ਦੇ ਆਸਰੇ ਟੋਏ- ਟਿੱਬਿਆਂ ਤੇ ਨਦੀ-ਨਾਲਿਆਂ ਦਾ ਭਰਿਆ ਸਫ਼ਰ ਕੱਟਣਾ ਅਸੰਭਵ ਹੈ। ਇਹ ਚਾਨਣ ਮਦਦ ਤਾਂ ਜ਼ਰੂਰ ਦੇਂਦਾ ਹੈ ਪਰ ਇਤਨਾ ਕੁਝ ਹੀ ਕਿ ਅਗਲਾ ਕਦਮ ਰੱਖਣ ਵੇਲੇ ਪਤਾ ਲੱਗ ਜਾਂਦਾ ਹੈ ਕਿ ਕਿਸੇ ਟੋਏ ਵਿਚ ਤਾਂ ਨਹੀਂ ਡਿੱਗ ਰਿਹਾ ਹਾਂ ਪਰ ਇਸ ਰੌਸ਼ਨੀ ਨਾਲ ਇਹ ਨਹੀਂ ਪਤਾ ਲਗਦਾ ਕਿ ਕਿਸੇ ਤਿਲਕਣੀ ਥਾਂ ਉੱਤੇ ਤਾਂ ਪੈਰ ਨਹੀਂ ਧਰ ਰਿਹਾ ਹਾਂ। ਇਸ ਲਈ ਬੰਦਾ ਜੇ ਇਕ ਤਿਲਕਣੀ ਥਾਂ ਤੋਂ ਬਚੇ ਤਾਂ ਦੂਜੀ ਉੱਤੇ ਕਦਮ ਰੱਖ ਦੇਂਦਾ ਹੈ, ਦੂਜੀ ਤੋਂ ਬਚੇ ਤਾਂ ਤੀਜੀ ਉੱਤੇ ਤੇ ਤਿਲਕਦੀਆਂ ਥਾਵਾਂ ਇਤਨੀਆਂ ਹਨ ਕਿ ਸਭ ਵਿੱਚੋਂ ਇਸ ਦੀਵੇ ਦੇ ਆਸਰੇ ਬਚ ਨਿਕਲਣਾ ਅਸੰਭਵ ਹੈ। ਫਿਰ ਇਸ ਰਾਹ ਵਿਚ ਜਿਲ੍ਹਣ ਵਾਲੇ ਥਾਂ ਭੀ ਬਥੇਰੇ ਹਨ। ਜੇ ਕਿਸੇ ਜਿਲ੍ਹਣ ਵਿਚ ਬੰਦਾ ਫੱਸ ਜਾਵੇ ਤਾਂ ਫਿਰ ਪੇਟ ਪਰਨੇ ਲੇਟ ਕੇ ਮਦਦ ਲਈ ਕੂਕਾਂ ਮਾਰਨ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਰਹਿ ਜਾਂਦਾ। ਜਿਨ੍ਹਾਂ ਕੂਕਾਂ ਨੂੰ ਸੁਣ ਕੇ ਕੋਈ ਵਧੇਰੇ ਚਾਨਣ ਵਾਲਾ ਤੇ ਵਧੇਰੇ ਵਸੀਲਿਆਂ ਵਾਲਾ ਤਰਸ ਖਾਏ ਤਾਂ ਹੀ ਬਚਾਓ ਹੋ ਸਕਦਾ ਹੈ। ਇਸ ਰਾਹ ਵਿਚ ਜੰਗਲ ਪਹਾੜ ਭੀ ਹਨ, ਜਿਨ੍ਹਾਂ ਵਿਚ ਆਦਮ-ਖੋਰ ਸ਼ੇਰ, ਚਿਤਰੇ, ਸੱਪ, ਅਯਦਹਾ ਆਦਿਕ ਭੀ ਬੇ-ਸ਼ੁਮਾਰ ਹਨ। ਅਜੇਹੇ ਹਾਲਾਤ ਵਿਚ ਇਸ ਮਧਮ ਦੀਵੇ ਦੇ ਆਸਰੇ ਬੇ-ਹਥਿਆਰੇ ਹੀ ਸਫ਼ਰ ਉੱਤੇ ਟੁਰ ਪੈਣਾ ਬਹੁਤ ਮੂਰਖਤਾ ਹੈ ਪਰ ਰਾਹੀ ਕਰੇ ਭੀ ਕੀ ? ਕੀ ਸੂਰਜ ਚੜ੍ਹਨ ਤਕ ਉਡੀਕੇ ? ਪਰ ਇਹ ਢੰਗ ਭੀ ਤਾਂ ਤਦ ਹੀ ਕਾਮਯਾਬ ਹੋਵੇ ਜੇ ਬੇਸ਼ੁਮਾਰ ਦਰਿੰਦੇ ਤੇ ਜ਼ਹਿਰੀਲੇ ਜਾਨਵਰ ਹੁਣ ਵਾਲੀ ਥਾਂ ਦੇ ਦਵਾਲੇ ਭੀ ਘੁਮਰ ਨਾ ਪਾ ਰਹੇ ਹੋਣ। ਸਭ ਪਾਸਿਆਂ ਤੋਂ ਘਨਘੋਰ ਡਾਢੀਆਂ ਡਰਾਉਣੀਆਂ ਚੀਕਾਂ ਤੇ ਚੰਘਾੜਾਂ ਪੈ ਰਹੀਆਂ ਹਨ, ਬਰਫ਼ ਪੈ ਰਹੀ ਹੈ, ਤੇਜ ਡਾਢੀ

Sri Satguru Jagjit Singh Ji eLibrary NamdhariElibrary@gmail.com

ਠੰਡੀ ਸਰੀਰ ਲੂਹਣ ਵਾਲੀ ਹਵਾ ਚਲ ਰਹੀ ਹੈ ਤੇ ਪੇਟ ਭੁੱਖਾ ਹੈ। ਕਿਸੇ ਥਾਂ ਠਹਿਰ ਕੇ ਝੱਟ ਕੱਟਣਾ ਖਤਰਨਾਕ ਨਹੀਂ ਹੈ। ਫਿਰ ਕੀ ਬਣੇ ਤੇ ਕੀ ਕਰੀਏ ? ਬੱਸ ਕੋਈ ਚਾਰਾ ਨਹੀਂ। ਚੀਕਾਂ ਮਾਰੋ ਤੇ ਦੁਹਾਈ ਦੇਵੋ, ਕੋਈ ਵਧੇਰੇ ਚਾਨਣੇ ਵਾਲਾ ਮਤਾਂ ਤਰਸ ਕਰੇ ਤੇ ਬਹੁੜੀ ਆਨ ਕਰੇ।

ਆਪਣੀ ਅਕਲ ਉੱਤੇ ਭਰੋਸਾ ਕਰਨ ਤੋਂ ਵੱਧ ਬੇ-ਅਕਲੀ ਭੀ ਕੋਈ ਨਹੀਂ। ਇਸ ਬੇਅੰਤ ਰਚਨਾ ਵਿਚ ਬੇਅੰਤ ਸ਼ਕਤੀਆਂ ਤੇ ਬੇਅੰਤ ਫੰਦਿਆਂ ਵਿਚ ਇਕ ਨਿੱਕਾ ਜਿਹਾ ਆਦਮੀ, ਨਿੱਕੀ ਜਿਹੀ ਅਕਲ ਨੂੰ ਲੈ ਕੇ ਟੱਪਦਾ ਫਿਰੇ ਤਾਂ ਆਪੇ ਉਸ ਨੇ ਫਸ ਕੇ ਮਰਨਾ ਹੋਇਆ।

ਜਦ ਮੈਂ ਇਸ ਤਰ੍ਹਾਂ ਕਹਿੰਦਾ ਹਾਂ ਕਿ ਗੁਰੂ ਦੀ ਕਿਰਪਾ ਤੇ ਸਹਾਇਤਾ ਬਿਨਾਂ ਕੋਈ ਬਚਾਓ ਨਹੀਂ ਹੈ ਤਾਂ ਕਈ ਭੋਲੇ ਭਰਾ ਇਉਂ ਸਮਝਣ ਲੱਗ ਜਾਂਦੇ ਹਨ ਕਿ ਚੱਲੋ ਫਿਰ ਕੋਈ ਗੁਰੂ ਹੀ ਧਾਰਨ ਕਰ ਲਈਏ। ਗੁਰੂ ਬਿਨਾਂ ਗਤੀ ਨਹੀਂ ਹੈ, ਪਰ ਇਸ ਦਾ ਇਹ ਮਤਲਬ ਤਾਂ ਨਹੀਂ ਹੈ ਕਿ ਕਿਸੇ ਨੂੰ ਗੁਰੂ ਧਾਰਨ ਕਰ ਲਵੋ ਅਥਵਾ ਗੁਰੂ ਕਹਿ ਦੇਵੋ ਤਾਂ ਗਤੀ ਹੋ ਜਾਵੇਗੀ। ਇਸ ਤਰ੍ਹਾਂ ਦੇ ਨਤੀਜੇ ਕੱਢਣ ਵਾਲੇ ਸਗੋਂ ਵਧੇਰੇ ਪੇਚ ਵਿਚ ਫਸਦੇ ਹਨ। ਗੁਰੂ ਧਾਰਨ ਨਾ ਕਰੋ, ਗੁਰੂ ਲੱਭੋ ਪਰ ਗੁਰੂ ਨੂੰ ਲੱਭੋ ਕਿਥੇ ਤੇ ਕਿਸ ਤਰ੍ਹਾਂ ? ਗੁਰੂ ਲਭਦਾ ਹੈ ਗੁਰੂ ਦੀ ਕਿਰਪਾ ਨਾਲ ਹੀ :

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ (ਪੰਨਾ ੧੦੩)

ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ ॥ (ਪੰਨਾ ੧੩੨੧)

ਗੁਰੂ ਲਭਦਾ ਹੈ, ਵਾਹਿਗੁਰੂ ਦੀ ਕਿਰਪਾ ਨਾਲ ਤੇ ਵਾਹਿਗੁਰੂ ਲਭਦਾ ਹੈ, ਗੁਰੂ ਦੀ ਕਿਰਪਾ ਨਾਲ। ਫਿਰ ਇਹ ਭੀ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਕੌਣ ਗੁਰੂ ਸੀ, ਜੋ ਜੀਵਾਂ ਦੇ ਉਧਾਰ ਵਿਚ ਸਹਾਇਤਾ ਕਰਦਾ ਹੋਵੇ। ਅਜੇਹੇ ਸਵਾਲ ਕਰਨ ਵਾਲੇ ਅਸਲ ਵਿਚ "ਗੁਰੂ" ਨੂੰ ਸਮਝਦੇ ਨਹੀਂ ਹਨ। ਉਹ ਗੁਰੂ ਨਾਨਕ ਸਾਹਿਬ ਦੇ ਸਰੀਰ ਨੂੰ ਹੀ ਗੁਰੂ ਸਮਝਦੇ ਹਨ। ਜੇ ਇਹ ਗੱਲ ਨਾ ਹੋਵੇ ਤਾਂ "ਗੁਰੂ ਨਾਨਕ ਤੋਂ ਪਹਿਲਾਂ" ਦੇ ਅਰਥ ਹੀ ਕੀ ਹਨ। ਗੁਰੂ ਸਦੀਵ ਤੋਂ ਹੈ ਤੇ ਸਦੀਵ ਰਹੇਗਾ :

"...ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ"

ਗੁਰੂ ਤੇ ਵਾਹਿਗੁਰੂ ਵਿਚ ਅਸਲ ਵਿਚ ਕੋਈ ਭੇਦ ਨਹੀਂ ਹੈ। ਵਾਹਿਗੁਰੂ ਦੇ ਰਾਹ ਲੈ ਜਾਣ ਵਾਲੇ ਰੂਪ ਨੂੰ ਹੀ ਗੁਰੂ ਸਮਝੋ। ਸਰੀਰ ਦੇ ਬੰਧਨਾਂ ਦਾ ਬਾਹਲਾ ਖ਼ਿਆਲ ਨਾ ਕਰੋ। ਗੁਰੂ ਤੇ ਵਾਹਿਗੁਰੂ ਨੂੰ ਆਪਣੀ ਤੁਛ ਅਕਲ ਦੇ ਜ਼ੋਰ ਨਾਲ ਦੂਜਿਆਂ ਦੀ ਤੁਛ ਅਕਲ ਵਿਚ ਬਿਠਾਣ ਦੇ ਜਤਨ ਉੱਤੇ ਕਾਮਯਾਬੀ ਦੀ ਆਸ ਕਰਨਾ ਮਹਾਂ ਮੂਰਖਤਾ ਹੈ, ਅਕਲ ਇਸੇ ਵਿਚ ਹੈ, ਆਪਣੀ ਅਕਲ ਨੂੰ ਪੂਰਨ ਨਾ ਮੰਨੋ। ਸਭ ਤੋਂ ਵੱਡੀ ਅਕਲ ਆਪਣੀ ਅਕਲ ਨੂੰ ਤੁਛ ਮੰਨਣਾ ਤੇ ਸਭ ਤੋਂ ਵੱਡੀ ਬੇਅਕਲੀ ਆਪਣੀ ਅਕਲ ਉੱਤੇ ਭਰੋਸਾ ਕਰਨਾ ਹੈ :

ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥ (ਪੰਨਾ ੮੧੪)

Sri Satguru Jagjit Singh Ji eLibrary NamdhariElibrary@gmail.com

ਗੁਰ ਕੀ ਮਤਿ ਤੂੰ ਲੇਹਿ ਇਆਨੇ ॥ (ਪੰਨਾ ੨੮੮)

**ਅਸਾਂ ਆਪਣੀ ਅਕਲ ਨੂੰ ਤਿਆਗਣਾ ਹੈ ਪਰ ਅਕਲ ਤਿਆਗੇਗਾ ਭੀ ਤਾਂ ਕੋਈ ਉਹੋ, ਜਿਸ ਨੂੰ ਇਤਨੀ ਅਕਲ ਹੋਵੇ ਕਿ ਅਕਲ ਨੂੰ ਤਿਆਗਣਾ ਠੀਕ ਸਮਝੇ। ਮੁਕਦੀ ਗੱਲ ਇਹ ਕਿ ਅਕਲਾਂ ਵਾਲਿਓ, ਤੁਸੀਂ ਅਕਲਾਂ ਵਾਲੇ ਤਦੇ ਹੋ, ਜੇ ਅਕਲ ਨੂੰ ਤਿਆਗ ਕੇ ਉਸ ਅਕਲਾਂ ਦੇ ਪੁੰਜ (ਗੁਰੂ) ਦੇ ਦਰ 'ਤੇ ਢਹਿ ਪਵੋ। ਅਕਲ ਨਾਲ ਹੀ ਅਕਲ ਤਿਆਗੀ ਜਾ ਸਕਦੀ ਹੈ, ਬੇਅਕਲੀ ਤਾਂ ਤੁਹਾਨੂੰ ਅਕਲ ਦੇ ਅਹੰਕਾਰ ਵਿਚ ਹੀ ਫਸਾਏਗੀ।**

✡ ✡ ✡

Sri Satguru Jagjit Singh Ji eLibrary NamdhariElibrary@gmail.com

## ੧੨.

# ਭਗਤੀ ਦਾਨ, ਸੇਵਾ, ਉਪਕਾਰ, ਬਾਣੀ ਤੇ ਨਾਮ ਸਭ ਭਗਤੀ ਭਾਵ ਪੈਦਾ ਕਰਨ ਦੇ ਸਾਧਨ ਹਨ!

ਬਹੁਤ ਲੋਕੀਂ ਨਾਮ ਜਪਣਾ ਇਕ ਜਾਦੂਗਰੀ ਜਿਹੀ ਸਮਝਦੇ ਹਨ। ਤਾੜੀ ਲਾਉਣਾ ਜਾਂ ਹੋਰ ਢੰਗ ਦੇ ਆਸਰੇ ਪਰਮੇਸ਼ਵਰ ਨੂੰ ਕਾਬੂ ਕਰਨਾ ਚਾਹੁੰਦੇ ਹਨ। ਉਨ੍ਹਾਂ ਦੇ ਖ਼ਿਆਲ ਵਿਚ ਨਾਮ ਅਜਿਹਾ ਜੰਤਰ-ਮੰਤਰ ਹੈ, ਜਿਸ ਨਾਲ ਵਾਹਿਗੁਰੂ ਵੱਸ ਹੋ ਜਾਂਦਾ ਹੈ। ਉਹ ਇਹ ਨਹੀਂ ਸਮਝਦੇ ਕਿ ਨਾਮ ਜਪਣ ਦਾ ਨਿਸ਼ਾਨਾ ਵਾਹਿਗੁਰੂ ਨੂੰ ਵੱਸ ਕਰਨਾ ਜਾਂ ਕੋਈ ਸ਼ਕਤੀ ਪ੍ਰਾਪਤ ਕਰਨਾ ਨਹੀਂ ਹੈ। ਨਾਮ ਜਪਣ ਦਾ ਨਿਸ਼ਾਨਾ ਤਾਂ ਆਪਣਾ ਆਪ ਉਸ ਵਾਹਿਗੁਰੂ ਦੇ ਹਵਾਲੇ ਕਰ ਦੇਣਾ ਅਥਵਾ ਉਸ ਦੇ ਹੁਕਮ ਤੇ ਰਜ਼ਾ ਵਿਚ ਮਿਲ ਜਾਣਾ ਹੈ। ਜੋ ਸੱਜਣ ਵਾਹਿਗੁਰੂ ਦਾ ਨਾਮ ਜਾਂ ਬਾਣੀ ਇਸ ਆਸ ਉੱਤੇ ਜਪਦੇ ਹਨ ਕਿ ਇਸ ਨਾਲ ਕੋਈ ਸ਼ਕਤੀ ਜਾਂ ਰਿਧੀ-ਸਿਧੀ ਉਨ੍ਹਾਂ ਨੂੰ ਪ੍ਰਾਪਤ ਹੋਵੇਗੀ, ਉਹ ਰਤਨ ਨੂੰ ਕੌਡੀਆਂ ਵਿਚ ਰਲਾ ਰਹੇ ਹਨ। ਇਹ ਰਿਧੀ-ਸਿਧੀ ਮਾਇਆ ਦਾ ਜਾਲ ਹੀ ਹੈ ਤੇ ਤੁੱਛ ਵਸਤੂ ਹੈ।

ਮੈਂ ਇਸ ਤੋਂ ਇਨਕਾਰ ਨਹੀਂ ਕਰਦਾ ਹਾਂ ਕਿ ਰਿਧੀ-ਸਿਧੀ ਜਾਂ ਜੰਤਰ-ਮੰਤਰ ਦੇ ਸਾਧਨ ਹੋ ਸਕਦੇ ਹਨ ਪਰ ਇਨ੍ਹਾਂ ਦਾ ਆਖਰ ਲਾਭ ਕੀ ਹੈ ? ਇਹ ਸ਼ਕਤੀਆਂ ਕੋਈ ਮਹਾਤਮਤਾਈ ਦਾ ਸਬੂਤ ਨਹੀਂ ਹਨ।

ਇਕ ਚੰਗਾ ਸਾਇੰਸਦਾਨ ਕਈਆਂ ਸ਼ਕਤੀਆਂ ਨੂੰ ਵੱਸ ਵਿਚ ਕਰ ਸਕਦਾ ਹੈ। ਬਿਜਲੀ ਦੀ ਤਾਕਤ, ਤਾਰ, ਟੈਲੀਫੂਨ, ਮੋਟਰ, ਰੇਲ ਆਦਿ ਅਨੇਕ ਸ਼ਕਤੀਆਂ ਇਸ ਵੇਲੇ ਸਾਇੰਸਦਾਨਾਂ ਨੇ ਆਪਣੇ ਇਲਮ, ਅਕਲ ਤੇ ਮਿਹਨਤ ਨਾਲ ਕੱਢੀਆਂ ਹਨ ਤੇ ਵੱਸ ਕੀਤੀਆਂ ਹਨ ਪਰ ਅਜਿਹੇ ਸਾਇੰਸਦਾਨ ਹੋਰ ਦੁਨੀਆਂ ਵਾਂਗ ਹੀ ਦੁਨੀਆਂ ਦੇ ਦੁੱਖ-ਸੁੱਖ ਵਿਚ ਬੱਧੇ ਹੋਏ ਜੀਵ ਹਨ। ਚੰਗਾ ਸਾਇੰਸਦਾਨ ਹੋਣਾ ਕੋਈ ਨੇਕ ਆਦਮੀ ਹੋਣ ਦਾ ਸਬੂਤ ਨਹੀਂ ਹੈ। ਇਸ ਤਰ੍ਹਾਂ ਕੋਈ ਸ਼ਕਤੀ ਪ੍ਰਾਪਤ ਕਰ ਲੈਣਾ ਅਥਵਾ ਕਿਸੇ ਰਿਧੀ-ਸਿਧੀ ਨੂੰ ਪ੍ਰਾਪਤ ਹੋਣਾ ਕੋਈ ਨੇਕ ਆਦਮੀ ਹੋਣ ਦਾ ਸਬੂਤ ਨਹੀਂ ਹੈ।

ਕੋਈ ਮਿਹਨਤ ਕਰਕੇ ਧੰਨ ਜੋੜਦਾ ਇਹ ਭੀ ਇਕ ਸ਼ਕਤੀ ਪ੍ਰਾਪਤ ਕਰਦਾ ਹੈ, ਕੋਈ ਮਿਹਨਤ ਕਰਕੇ ਚੰਗਾ ਡਾਕਟਰ ਬਣਦਾ ਹੈ, ਉਹ ਭੀ ਇਕ ਸ਼ਕਤੀ ਪ੍ਰਾਪਣ ਕਰਦਾ ਹੈ, ਕੋਈ ਮਿਹਨਤ ਕਰਕੇ ਸਾਇੰਸ ਸਿੱਖਦਾ ਹੈ, ਉਹ ਭੀ ਇਕ ਸ਼ਕਤੀ ਪ੍ਰਾਪਤ ਕਰਦਾ ਹੈ, ਪਰ ਇਨ੍ਹਾਂ ਸ਼ਕਤੀਆਂ ਦਾ ਪਰਮਾਰਥ ਨਾਲ ਸਿੱਧਾਂ ਕੋਈ ਸਬੰਧ ਨਹੀਂ ਹੈ।

ਇਸੇ ਤਰ੍ਹਾਂ ਜੇ ਕੋਈ ਜੰਤਰ-ਮੰਤਰ ਸਾਧ ਲੈਂਦਾ ਹੈ ਤਾਂ ਉਹ ਕੋਈ ਸ਼ਕਤੀ ਭਾਵੇਂ ਪ੍ਰਾਪਤ ਕਰ ਲੈਂਦਾ ਹੋਵੇ ਪਰ ਉਹ ਮਹਾਤਮਾ ਨਹੀਂ ਹੈ, ਮਹਾਤਮਤਾਈ ਤਾਂ ਆਪਾ

ਤਿਆਗ ਵਿਚ ਹੈ ਨਾ ਕਿ ਹਉਮੈ ਵਧਾਉਣ ਵਿਚ। ਇਸ ਲਈ ਜੋ ਕੋਈ ਭਜਨ ਕਿਸੇ ਸ਼ਕਤੀ ਦੀ ਪ੍ਰਾਪਤੀ ਲਈ ਕਰਦਾ ਹੈ, ਉਹ ਭਜਨ ਨਹੀਂ ਕਰ ਰਿਹਾ, ਉਹ ਤਾਂ ਆਪਣੇ ਦਵਾਲੇ ਮਾਇਆ ਦਾ ਜਾਲ ਤਾਣ ਰਿਹਾ ਹੈ। ਇਹ ਹੋ ਸਕਦਾ ਹੈ ਕਿ ਭਗਤ ਕੋਲ ਅਜਿਹੀਆਂ ਸ਼ਕਤੀਆਂ ਹੋਣ ਪਰ ਉਸ ਨੂੰ ਅਜਿਹੀਆਂ ਸ਼ਕਤੀਆਂ ਦੀ ਲੋੜ ਜਾਂ ਇੱਛਾ ਨਹੀਂ ਹੁੰਦੀ। ਇਹ ਤਾਂ 'ਅਚਿੰਤ' ਹੀ ਉਸ ਨੂੰ ਦਾਤ ਮਿਲਦੀ ਹੈ।

ਭਗਤੀ ਦੇ ਮਾਰਗ ਚੱਲਣ ਵਾਲੇ ਨੂੰ ਜਦ ਕੋਈ ਸ਼ਕਤੀ ਮਿਲ ਜਾਏ ਤਾਂ ਉਸ ਨੂੰ ਇਹ ਲਾਭ ਹੋ ਸਕਦਾ ਹੈ ਕਿ ਉਸ ਨੂੰ ਭਗਤੀ ਉੱਤੇ ਵਧੇਰੇ ਨਿਸਚਾ ਹੋ ਜਾਵੇ, ਪਰ ਇਹ ਖਤਰਾ ਭੀ ਹੋ ਸਕਦਾ ਹੈ ਕਿ ਉਹ ਇਸ 'ਨਾਟਕ ਚੇਟਕ' ਵਿਚ ਫਸ ਕੇ 'ਕੁਕਾਜਾਂ' ਵਿਚ ਪੈ ਜਾਵੇ। ਇਸ ਲਈ ਸਭ ਗੱਲਾਂ ਵੱਲੋਂ ਧਿਆਨ ਹਟਾ ਕੇ ਇਹ ਪੱਕ ਸਮਝ ਲਵੋ ਕਿ ਭਗਤੀ ਇਹ ਹੈ :

ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥
ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥ (ਪੰਨਾ ੪੫)

ਭਗਤੀ ਕਿਸੇ ਸਾਧਨ ਦਾ ਨਾਮ ਨਹੀਂ ਹੈ। ਭਗਤੀ ਤਾਂ ਸਾਰੇ ਉਪਾਵਾਂ ਦੇ ਤਿਆਗ ਦਾ ਨਾਮ ਹੈ। ਜੋ ਆਪਣੇ ਕਿਸੇ ਉਪਾਵ ਉੱਤੇ ਭਰੋਸਾ ਕਰਦਾ ਹੈ, ਉਹ ਭਗਤੀ ਨਹੀਂ ਕਰ ਰਿਹਾ।

ਵਾਹਿਗੁਰੂ ਵਾਹਿਗੁਰੂ ਕਹਿਣਾ ਭਗਤੀ ਨਹੀਂ ਹੈ। ਵਾਹਿਗੁਰੂ ਦੇ ਹਵਾਲੇ ਆਪ ਨੂੰ ਕਰ ਦੇਣਾ, ਉਸ ਦੀ ਕ੍ਰਿਪਾ ਦੀ ਆਸ ਉੱਤੇ ਸਾਰੀ ਡੋਰੀ ਛੱਡ ਕੇ ਉਸ ਦੇ ਦਰ ਉੱਤੇ ਢਹਿ ਪੈਣਾ ਭਗਤੀ ਹੈ।

ਜੇ ਕੋਈ ਇਹ ਭੀ ਸਮਝੇ ਕਿ ਨਾਮ ਜਪਣ ਜਾਂ ਬਾਣੀ ਪੜ੍ਹਨ ਨਾਲ ਉਹ ਵਾਹਿਗੁਰੂ ਨੂੰ ਪ੍ਰਾਪਤ ਕਰ ਸਕੇਗਾ, ਉਹ ਭੀ ਕੁਰਾਹੇ ਹੈ ਤੇ ਭਗਤੀ ਦੇ ਰਾਹ ਉੱਤੇ ਨਹੀਂ ਹੈ। ਭਗਤੀ ਤਾਂ ਉਸ ਵਾਹਿਗੁਰੂ ਉੱਤੇ ਡੋਰੀ ਛੱਡੇ ਬਿਨਾਂ ਨਹੀਂ ਹੋ ਸਕਦੀ। ਉਸ ਦੀ ਕ੍ਰਿਪਾ ਉੱਤੇ ਆਸ ਰੱਖੋ ਅਤੇ ਆਪਣੇ ਸਾਧਨਾਂ ਨੂੰ ਤੁਛ ਜਾਣੋ। ਬਾਣੀ ਪੜ੍ਹੋ, ਨਾਮ ਜਪੋ, ਸੇਵਾ ਕਰੋ ਤੇ ਸਭ ਸ਼ਰਧਾ ਤੇ ਪ੍ਰੇਮ ਦੇ ਭਾਵ ਪੈਦਾ ਕਰਨ ਵਾਲੇ ਸਾਧਨ ਕਰੋ, ਪਰ ਜੇ ਇਨ੍ਹਾਂ ਸਾਧਨਾਂ ਉੱਤੇ ਤੁਹਾਨੂੰ ਮਾਣ ਹੈ ਤਾਂ ਤੁਸੀਂ ਭਗਤੀ ਨਹੀਂ ਕਰ ਰਹੇ ਹੋ :

ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥ (ਪੰਨਾ ੯੪੭)

ਭਗਤੀ ਇਕ ਭਾਵ, ਇਕ ਜਜ਼ਬੇ ਦਾ ਨਾਮ ਹੈ, ਜਿਸ ਵਿਚ ਸ਼ਰਧਾ ਤੇ ਪ੍ਰੇਮ ਭੀ ਮੌਜੂਦ ਹਨ। ਸ਼ਰਧਾ, ਪ੍ਰੇਮ, ਤਿਆਗ ਉਸ ਵਾਹਿਗੁਰੂ ਦੇ ਦਰ 'ਤੇ ਢਹਿ ਪੈਣਾ, ਸਾਰੇ ਉਪਾਵਾਂ ਦੀ ਆਸ ਛਡ ਕੇ ਉਸ ਦੀ ਆਸ ਉੱਤੇ ਡੋਰੀ ਛੱਡ ਦੇਣੀ ਤੇ ਆਪਣਾ ਆਪ ਉਸ ਦੇ ਹਵਾਲੇ ਕਰ ਦੇਣਾ, ਉਸ ਭਗਤੀ ਦੇ ਜਜ਼ਬੇ (ਭਾਵ) ਵਿਚ ਹਨ।

✡ ✡ ✡

Sri Satguru Jagjit Singh Ji eLibrary NamdhariElibrary@gmail.com

## ੧੩.

# ਸੱਚ ਹੀ ਸਭ ਦਾ ਜੀਵਨ ਹੈ

ਅੱਜ-ਕਲ੍ਹ ਦੁਨੀਆਂ ਵਿਚ ਤੇ ਖ਼ਾਸ ਕਰਕੇ ਸਾਡੇ ਦੇਸ਼ ਵਿਚ ਝੂਠ ਬਹੁਤ ਵੱਧ ਗਿਆ ਹੈ, ਜਿਸ ਤੋਂ ਕਈ ਗੁਰਮੁਖ ਘਬਰਾ ਕੇ ਕਹਿ ਦੇਂਦੇ ਹਨ ਕਿ ਝੂਠ ਦਾ ਬੋਲ ਬਾਲਾ ਹੋ ਰਿਹਾ ਹੈ। ਇਹੋ ਜਿਹੇ ਲਫ਼ਜ਼ ਸੁਣ ਕੇ ਮੈਂ ਆਪਣੇ ਮਨ ਨਾਲ ਵਿਚਾਰ ਕੀਤੀ ਕਿ ਕੀ ਸੱਚ ਬਿਨਾਂ ਕੋਈ ਕਾਰਜ ਹੋ ਭੀ ਸਕਦਾ ਹੈ ? ਸੋਚ ਕੇ ਮੈਂ ਤਾਂ ਇਸੇ ਨਤੀਜੇ ਉੱਤੇ ਪੁੱਜਾ ਹਾਂ ਕਿ ਭਾਵੇਂ ਝੂਠ ਬਹੁਤ ਪ੍ਰਧਾਨ ਹੋ ਰਿਹਾ ਹੈ, ਪਰ ਸੱਚ ਬਿਨਾਂ ਤਾਂ ਝੂਠ ਆਪ ਭੀ ਚੱਲ ਨਹੀਂ ਸਕਦਾ। ਝੂਠ ਨੂੰ ਭੀ ਸੱਚ ਦੇ ਪਰਦੇ ਜਾਂ ਸੱਚ ਦੇ ਮੁਲੱਮੇ ਦੀ ਲੋੜ ਪੈਂਦੀ ਹੈ। ਝੂਠ ਦੀ ਕਾਮਯਾਬੀ ਇਸੇ ਵਿਚ ਹੈ ਕਿ ਉਹ ਸੱਚ ਨਜ਼ਰ ਆਵੇ। ਜੇ ਝੂਠ ਪ੍ਰਗਟ ਤੌਰ 'ਤੇ ਝੂਠ ਨਜ਼ਰ ਪੈ ਗਿਆ ਤਾਂ ਉਹ ਨਾਕਾਮਯਾਬ ਹੋ ਗਿਆ। ਸੋ ਝੂਠ ਲਈ ਭੀ ਕਾਮਯਾਬੀ ਕਰਨ ਲਈ ਸੱਚ ਦੀ ਸ਼ਕਲ ਬਨਾਣਾ ਲਾਜ਼ਮੀ ਹੈ।

ਫਿਰ ਜੋ ਬਹੁਤ ਝੂਠਾ ਤੇ ਠੱਗ ਹੋਵੇ, ਉਸ ਦੇ ਝੂਠਾਂ ਦਾ ਭੀ ਹਿਸਾਬ ਜਾ ਵੇਖੋ। ਉਹ ਭੀ ਸੱਚ ਦੇ ਆਸਰੇ ਹੀ ਜੀਉਂਦਾ ਹੈ। ਜੇ ਉਸ ਨੂੰ ਭੁੱਖ ਲੱਗੇ ਤਾਂ ਕਹਿੰਦਾ ਹੈ ਕਿ ਭੁੱਖ ਲੱਗੀ ਹੈ। ਜੇ ਉਸ ਨੂੰ ਤਿਹ ਲੱਗੇ ਤਾਂ ਕਹਿੰਦਾ ਹੈ ਕਿ ਤਿਹ ਲੱਗੀ ਹੈ। ਜੇ ਉਸ ਨੂੰ ਨੀਂਦ ਆਵੇ ਤਾਂ ਕਹਿੰਦਾ ਹੈ ਕਿ ਸੌਣਾ ਹੈ। ਇਸੇ ਤਰ੍ਹਾਂ ਹਰ ਲੋੜ ਪੈਣ ਉੱਤੇ ਉਸ ਨੂੰ ਸੱਚ ਬੋਲਣਾ ਪੈਂਦਾ ਹੈ। ਜੇ ਭੁੱਖ ਲੱਗੇ ਤੇ ਉਹ ਰੋਟੀ ਖਾਣੋਂ ਨਾਂਹ ਕਰੇ ਜਾਂ ਤਿਹ ਲੱਗੇ ਤੇ ਉਹ ਪਾਣੀ ਪੀਣੋਂ ਨਾਂਹ ਕਰੇ, ਤਾਂ ਬਸ ਉਹ ਮਰ ਗਿਆ ਜਾਣੋ। ਸੱਚ ਬਿਨਾਂ ਤਾਂ ਝੂਠੇ ਤੋਂ ਝੂਠਾ ਬੰਦਾ ਭੀ ਜੀਅ ਨਹੀਂ ਸਕਦਾ।

ਇਸ ਲਈ ਇਸ ਘੋਰ ਕਲਜੁਗ ਵਿਚ ਘੋਰ ਝੂਠ ਨੂੰ ਵੇਖ ਕੇ ਘਬਰਾਉ ਨਾ, ਕਿਉਂਕਿ ਫਿਰ ਭੀ ਸੱਚ ਬਹੁਤ ਹੈ, ਸੱਚ ਸਭ ਦਾ ਜੀਵਨ ਹੈ। ਸੱਚ ਤੋਂ ਪਰੇ ਹੋ ਕੇ ਕੋਈ ਜਾਨਵਰ, ਕੋਈ ਖ਼ਿਆਲ, ਕੋਈ ਵਸਤੂ ਜੀਅ ਨਹੀਂ ਸਕਦੇ। ਇਸ ਤੋਂ ਇਹ ਨਤੀਜਾ ਕੱਢਣਾ ਸੌਖਾ ਹੈ ਕਿ ਜਿਤਨਾ ਸੱਚ ਵੱਧ ਹੋਵੇ, ਉਤਨਾ ਜੀਵਨ ਵੱਧ ਹੁੰਦਾ ਹੈ। ਸਦੀਵ-ਜੀਵਨ ਲਈ ਸਦੀਵ-ਸੱਚ ਦੀ ਲੋੜ ਹੈ, ਸੱਚ ਹੀ ਜੀਵਨ-ਰੂਪ ਹੈ।

✲ ✲ ✲

Sri Satguru Jagjit Singh Ji eLibrary NamdhariElibrary@gmail.com

## ੧੪.

# ਬਾਣੀ ਪੜ੍ਹਨਾ ਤੇ ਪਖੰਡ ਨਾਲ ਪੜ੍ਹਨਾ

ਪਖੰਡ ਮਾੜਾ ਹੈ ਪਰ ਬਾਣੀ ਰਾਹੀਂ ਜੋ ਪਖੰਡ ਕਰਦਾ ਹੈ, ਉਹ ਭੀ ਬਾਣੀ ਪੜ੍ਹਨ ਵਾਲੀ ਗੱਲ ਤਾਂ ਚੰਗੀ ਕਰ ਰਿਹਾ ਹੈ । ਭਾਵੇਂ ਉਹ ਲੋਕਾਚਾਰੀ ਲਈ ਅਥਵਾ ਦਿਖਲਾਵੇ ਲਈ ਬਾਣੀ ਪੜ੍ਹਦਾ ਹੈ, ਜਿਸ ਕਰਕੇ ਉਸ ਨੂੰ ਬਾਣੀ ਦਾ ਅਸਲ ਲਾਭ ਨਹੀਂ ਪੁੱਜ ਸਕਦਾ, ਪਰ ਫੇਰ ਭੀ ਉਸ ਦੇ ਮਨ ਵਿਚ ਇਤਨਾ ਅਹਿਸਾਸ ਤਾਂ ਜ਼ਰੂਰ ਹੈ ਕਿ ਲੋਕੀਂ ਇਸ ਗੱਲ ਨੂੰ ਚੰਗਾ ਸਮਝਦੇ ਹਨ । ਇਸ ਤਰ੍ਹਾਂ ਪਖੰਡ ਨਾਲ ਬਾਣੀ ਪੜ੍ਹਨ ਵਾਲੇ ਬਹੁਤ ਮਾੜੇ ਹਨ ਪਰ ਉਨ੍ਹਾਂ ਦਾ ਮਾੜਾਪਨ ਪਖੰਡ ਵਿਚ ਹੈ ਨਾ ਕਿ ਬਾਣੀ ਵਿਚ । ਇਉਂ ਨਾ ਸਮਝੋ ਕਿ ਇਹੋ ਜਿਹੇ ਪਖੰਡੀ ਤਦ ਹੀ ਪਖੰਡੀ ਬਣੇ ਹਨ ਜੇ ਕਰ ਉਹ ਬਾਣੀ ਪੜ੍ਹਦੇ ਹਨ ਤੇ ਜੇ ਉਹ ਬਾਣੀ ਨਾ ਪੜ੍ਹਦੇ ਤਾਂ ਸਾਫ਼ ਨੀਯਤ ਹੁੰਦੇ । ਇਹ ਹੈ ਵੱਡੀ ਭੁੱਲ ਉਨ੍ਹਾਂ ਸੱਜਣਾਂ ਦੀ ਜੋ ਪਖੰਡ ਨਾਲ ਬਾਣੀ ਪੜ੍ਹਦਿਆਂ ਨੂੰ ਵੇਖ ਕੇ ਬਾਣੀ ਪੜ੍ਹਨ ਦੇ ਖ਼ਿਲਾਫ਼ ਹੋ ਜਾਂਦੇ ਹਨ । ਅਸਲ ਗੱਲ ਇਉਂ ਹੈ ਕਿ ਦਿਖਲਾਵਾ ਤਾਂ ਆਦਮੀ ਦੇ ਸੁਭਾਅ ਵਿਚ ਹੈ ਤੇ ਕਈਆਂ ਦੇ ਸੁਭਾਅ ਵਿਚ ਵਧੇਰੇ ਹੋਣ ਕਰਕੇ ਉਨ੍ਹਾਂ ਨੂੰ ਪਖੰਡੀ ਕਿਹਾ ਜਾਂਦਾ ਹੈ । ਹੁਣ ਜਿਸ ਦੇ ਸੁਭਾਅ ਵਿਚ ਪਖੰਡ ਹੈ, ਉਸ ਨੇ ਤਾਂ ਪਖੰਡ ਕਰਨਾ ਹੀ ਹੈ । ਭਾਵੇਂ ਉਹ ਬਾਣੀ ਰਾਹੀਂ ਕਰੇ, ਸੇਵਾ ਰਾਹੀਂ ਕਰੇ, ਦਾਨ ਰਾਹੀਂ ਕਰੇ, ਸਿੱਧੀ ਠੱਗੀ ਕਰੇ, ਛਲ-ਵਲ ਦਾ ਬਿਉਪਾਰ ਕਰੇ ਜਾਂ ਕੋਈ ਹੋਰ ਵਿਉਂਤ ਲੱਭ ਲਵੇ । ਇਹ ਸਭ ਮਾੜੇ ਹਨ ਪਰ ਛਲ-ਵਲ ਦਾ ਬਿਉਪਾਰ ਜਾਂ ਸਿੱਧੀ ਠੱਗੀ ਵਿਚ ਤਾਂ ਨਿਰੋਲ ਮਾੜਾ-ਪਨ ਹੀ ਹੈ ਤੇ ਹੋਰ ਠੱਗੀਆਂ ਵਿਚ ਮਾੜਾ-ਪਨ ਕੁਝ ਵਧੇਰੇ ਹੀ ਹੈ । ਇਸ ਲਈ ਜਦ ਪਖੰਡੀ ਨੂੰ ਬਾਣੀ ਪੜ੍ਹਦਿਆਂ ਵੇਖੋ ਤਾਂ ਸ਼ੁਕਰ ਕਰੋ ਕਿ ਉਹ ਠੱਗ ਕਿਸੇ ਸਿੱਧੀ ਠੱਗੀ ਤੋਂ ਬੱਚ ਕੇ ਇਕ ਅਜੇਹੀ ਠੱਗੀ ਵਿਚ ਪਿਆ ਹੈ, ਜਿਸ ਦਾ ਕਿਸੇ ਵੇਲੇ ਉਸ ਨੂੰ ਲਾਭ ਪੁੱਜ ਸਕਦਾ ਹੈ, ਜਾਂ ਘੱਟੋ-ਘੱਟ ਜਿਸ ਨਾਲ ਲੋਕਾਂ ਨੂੰ ਨੁਕਸਾਨ ਤਾਂ ਨਹੀਂ ਪੁੱਜਦਾ ਭਾਵੇਂ ਕੁਝ ਲਾਭ ਪੁੱਜ ਜਾਂਦਾ ਹੋਵੇ । ਬਹੁਤ ਦੁਨੀਆਂ ਦਾਨ ਦਿਖਲਾਵੇ ਅਥਵਾ ਪਖੰਡ ਨਾਲ ਕਰਦੀ ਹੈ। ਇਸ ਤਰ੍ਹਾਂ ਪਖੰਡ ਦਾ ਦਾਨ ਕਰਨ ਵਾਲੇ ਦੇ ਮਨ ਨੂੰ ਤਾਂ ਸ਼ੁੱਧ ਨਹੀਂ ਕਰਦਾ ਪਰ ਦੁਨੀਆਂ ਨੂੰ ਤਾਂ ਲਾਭ ਪੁਚਾਂਦਾ ਹੈ ।

ਇਹੋ ਗੱਲ ਸੇਵਾ ਦੀ ਹੈ। ਪਖੰਡ ਨਾਲ ਕੀਤੀ ਸੇਵਾ ਭਾਵੇਂ ਸੇਵਾ ਕਰਨ ਵਾਲੇ ਦੇ ਮਨ ਨੂੰ ਕੁਝ ਭੀ ਸ਼ੁੱਧ ਨਾ ਕਰੇ ਪਰ ਲੋਕਾਂ ਨੂੰ ਤਾਂ ਲਾਭ ਪੁਚਾਂਦੀ ਹੈ ਤੇ ਇਕ ਚੰਗੀ ਮਿਸਾਲ ਤਾਂ ਪੈਦਾ ਕਰਦੀ ਹੈ। ਪਖੰਡ ਨਾਲ ਕੀਤਾ "ਨਾਮ ਦਾਨ ਇਸ਼ਨਾਨ" ਭੀ ਜੇ ਹੋਰ ਕੁਝ ਲਾਭ ਨਾ ਭੀ ਕਰੇ ਤਾਂ ਇਸ ਨੇਕੀ ਦਾ ਝੰਡਾ ਤਾਂ ਦੁਨੀਆਂ ਦੇ ਸਾਹਮਣੇ ਉੱਚਾ ਰੱਖਦਾ ਹੈ। ਪਖੰਡ ਨਾਲ ਬਾਣੀ ਪੜ੍ਹਨ ਵਾਲਿਆਂ ਨੂੰ ਵੇਖ ਕੇ ਇਹ

Sri Satguru Jagjit Singh Ji eLibrary NamdhariElibrary@gmail.com

ਸਮਝੋ ਕਿ ਬਾਣੀ ਨੇ ਦੁਨੀਆਂ ਨੂੰ ਫਤਹ ਤਾਂ ਕਰ ਲਿਆ ਹੈ, ਜੋ ਇਹੋ ਜਿਹੇ ਧਰਮ-ਹੀਨ ਆਦਮੀ ਭੀ ਬਾਣੀ ਦੀ ਈਨ ਤਾਂ ਮੰਨ ਰਹੇ ਹਨ। ਜਦ ਅੰਗਰੇਜ਼ ਇਥੇ ਹਕੂਮਤ ਕਰਦੇ ਸਨ ਤਾਂ ਹਿੰਦੁਸਤਾਨੀ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਝੰਡੇ ਨੂੰ ਕੇਵਲ ਪਖੰਡ ਨਾਲ ਹੀ ਸਲਾਮ ਕਰਦੇ ਸਨ। ਕੋਈ ਭੀ ਹਿੰਦੁਸਤਾਨੀ ਅਜੇਹਾ ਨਹੀਂ ਸੀ, ਜਿਸ ਦੇ ਮਨ ਵਿਚ ਉਸ ਝੰਡੇ ਦੀ ਇੱਜ਼ਤ ਹੋਵੇ, ਜਿਸ ਨੇ ਸਾਨੂੰ ਫਤਹ ਕਰਕੇ ਗੁਲਾਮ ਬਣਾਇਆ ਹੋਇਆ ਸੀ। ਅੰਗਰੇਜ਼ ਭੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਪਰ ਫਿਰ ਭੀ ਉਹ ਆਪਣੇ ਝੰਡੇ ਨੂੰ ਸਾਡੇ ਲੋਕਾਂ ਤੋਂ ਇਸ ਤਰ੍ਹਾਂ ਪਖੰਡ ਦਾ ਕੀਤਾ ਸਲਾਮ ਵੇਖ ਕੇ ਭੀ ਪ੍ਰਸੰਨ ਹੁੰਦੇ ਸਨ ਕਿਉਂਕਿ ਉਹ ਸਮਝਦੇ ਸਨ ਕਿ ਇਹ ਲੋਕੀਂ ਇਸ ਝੰਡੇ ਦੇ ਅੱਗੇ ਨਿਵੇਂ ਤਾਂ ਹਨ, ਭਾਵੇਂ ਪਿਆਰ ਕਰਕੇ ਨਹੀਂ ਨਿਵੇਂ ਕੇਵਲ ਖੁਸ਼ਾਮਦ ਜਾਂ ਡਰ ਕਰਕੇ ਨਿਵੇਂ ਹਨ। ਇਸੇ ਤਰ੍ਹਾਂ ਜੇ ਕਿਸੇ ਨੂੰ ਪਖੰਡ ਨਾਲ ਬਾਣੀ ਪੜ੍ਹਦਾ ਵੇਖੋ ਤਾਂ ਭੀ ਇਤਨਾ ਸ਼ੁਕਰ ਕਰੋ ਕਿ ਉਹ ਬਾਣੀ ਪੜ੍ਹਦਾ ਤਾਂ ਹੈ, ਜਿਸ ਦਾ ਮਤਲਬ ਇਹ ਹੈ ਕਿ ਉਹ ਧਰਮ ਦੀ ਧੁਜਾ ਅੱਗੇ ਨਿੰਵਦਾ ਤਾਂ ਹੈ, ਸਿੱਧਾ ਆਕੀ ਤਾਂ ਨਹੀਂ ਹੋ ਗਿਆ, ਭਾਵੇਂ ਉਹ ਪ੍ਰੇਮ ਜਾਂ ਸ਼ਰਧਾ ਕਰਕੇ ਨਹੀਂ, ਸਗੋਂ ਹਉਮੈ ਜਾਂ ਛਲ ਲਈ ਨਿੰਵ ਰਿਹਾ ਹੈ।

ਫਿਰ ਇਹ ਭੀ ਸਮਝੋ ਕਿ ਨਿਰੋਲ ਪ੍ਰੇਮ ਤੇ ਸ਼ਰਧਾ ਵਿਚ ਬਾਣੀ ਪੜ੍ਹਨ ਵਾਲਾ ਜਾਂ ਨਾਮ ਜਪਣ ਵਾਲਾ, ਜਾਂ ਸੇਵਾ ਕਰਨ ਵਾਲਾ, ਜਾਂ ਦਾਨ ਦੇਣ ਵਾਲਾ ਤਾਂ ਕੋਈ ਵਿਰਲਾ ਹੀ ਹੋਵੇਗਾ। ਅਜੇਹਾ ਤਾਂ ਉਹੋ ਹੀ ਹੋ ਸਕਦਾ ਹੈ ਜੋ ਦਿਲੋਂ ਕਹੇ "ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ" ਦੂਜੇ ਪਾਸੇ ਨਿਰੋਲ ਠੱਗੀ ਨਾਲ ਸੇਵਾ ਜਾਂ ਦਾਨ ਕਰਨ ਵਾਲਾ ਜਾਂ ਨਾਮ ਜਪਣ ਵਾਲਾ ਭੀ ਕੋਈ ਵਿਰਲਾ ਹੀ ਹੋ ਸਕਦਾ ਹੈ। ਸਭ ਚੰਗੇ ਤੇ ਮੰਦੇ ਆਦਮੀਆਂ ਦੇ ਮਨ ਵਿਚ ਸਭ ਤਰ੍ਹਾਂ ਦੇ ਜਜ਼ਬਾਤ (Fealings) ਵੱਧ ਘੱਟ ਰਲੇ ਹੁੰਦੇ ਹਨ। ਹਰ ਇਕ ਸੇਵਾ ਕਰਨ ਵਾਲੇ, ਹਰ ਇਕ ਦਾਨ ਦੇਣ ਵਾਲੇ ਤੇ ਹਰ ਇਕ ਨਾਮ ਜਪਣ ਵਾਲੇ ਦੇ (ਸਵਾਏ ਉੱਤੇ ਕਹੇ ਗਏ ਕਿਸੇ ਖ਼ਾਸ ਆਦਮੀ ਦੇ) ਮਨ ਵਿਚ ਕੁਝ ਨਾ ਕੁਝ ਦਿਖਲਾਵਾ, ਹਉਮੈ, ਵਹਿਮ ਜਾਂ ਖ਼ੁਦਗਰਜ਼ੀ ਰਲੀ ਹੁੰਦੀ ਹੈ। ਜਿਸ ਵਿਚ ਦਿਖਲਾਵੇ ਦਾ ਜਜ਼ਬਾ ਵਧੇਰੇ ਹੋਵੇ, ਉਸ ਨੂੰ ਅਸੀਂ ਪਖੰਡੀ ਕਹਿ ਦੇਂਦੇ ਹਾਂ ਪਰ ਇਹ ਭੀ ਨਿਸਚਾ ਰੱਖੋ ਕਿ ਜਿਸ ਤਰ੍ਹਾਂ ਹਰ ਇਕ ਨੇਕੀ ਕਰਨ ਵਾਲੇ ਦੇ ਮਨ ਵਿਚ ਉਸ ਦੇ ਨੇਕ ਜਜ਼ਬੇ ਦੇ ਨਾਲ ਕੁਝ ਨਾ ਕੁਝ ਮਾੜਾ ਅਥਵਾ ਨੀਵਾਂ ਜਜ਼ਬਾ ਰਲਿਆ ਹੁੰਦਾ ਹੈ, ਇਸੇ ਤਰ੍ਹਾਂ ਹਰ ਇਕ ਪਖੰਡੀ, ਲਾਲਚੀ ਜਾਂ ਕਿਸੇ ਹੋਰ ਜਜ਼ਬੇ ਨਾਲ ਕੰਮ ਕਰਨ ਵਾਲੇ ਦੇ ਮਨ ਵਿਚ ਭੀ ਕੁਝ ਨਾ ਕੁਝ ਨੇਕ ਜਜ਼ਬਾ ਅਥਵਾ ਸ਼ਰਧਾ ਦਾ ਜਜ਼ਬਾ ਜ਼ਰੂਰ ਰਲਿਆ ਹੁੰਦਾ ਹੈ। ਇਹ ਹੋ ਸਕਦਾ ਹੈ ਕਿ ਕੋਈ ਆਦਮੀ ਮੁਕੰਮਲ ਪਵਿੱਤਰ ਅਥਵਾ ਨੇਕ ਹੋ ਜਾਵੇ, ਪਰ ਇਹ ਨਹੀਂ ਹੋ ਸਕਦਾ ਕਿ ਕੋਈ ਆਦਮੀ ਮੁਕੰਮਲ ਖ਼ੁਦਗਰਜ਼ ਅਥਵਾ ਅਪਵਿੱਤਰ ਹੋ ਜਾਵੇ। ਆਦਮੀ ਉਸ ਪਵਿੱਤਰਤਾ ਦੇ ਪੁੰਜ ਦੀ ਸੰਤਤ੍ਰ ਹੈ। ਪਵਿੱਤਰਤਾ ਦਾ ਅੰਗ ਇਸ ਵਿੱਚੋਂ ਨਿਕਲ ਨਹੀਂ ਸਕਦਾ। ਉਸ ਵਾਹਿਗੁਰੂ ਨੂੰ ਮੰਨਣ ਵਾਲੇ

ਆਸਤਕੋ ! ਨਿਸਚਾ ਰੱਖੋ ਕਿ ਉਸ ਵਾਹਿਗੁਰੂ ਨੇ ਕੋਈ ਅਪਵਿੱਤਰ ਆਦਮੀ ਪੈਦਾ ਹੀ ਨਹੀਂ ਕੀਤਾ ਤੇ ਨਾ ਅਜੇਹੇ ਹਾਲਾਤ ਪੈਦਾ ਕੀਤੇ ਹਨ, ਜਿਸ ਕਰਕੇ ਕਿਸੇ ਆਦਮੀ ਦੀ ਪਵਿੱਤਰਤਾ ਪੂਰੀ ਹਟ ਸਕੇ। ਇਸੇ ਭਾਵ ਵਿਚ ਗੁਰੂ ਸਾਹਿਬ ਨੇ ਕਿਹਾ ਹੈ :

ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹ੍ਹਾਰੇ ॥ (ਪੰਨਾ ੩੮੩)

ਇਸ ਮਨ ਨੂੰ ਜੋ ਮੈਲ ਲੱਗੀ ਹੋਈ ਹੈ, ਉਹ ਮੁੱਢਲੀ ਪਵਿੱਤਰਤਾ (ਰਾਮ ਕੀ ਅੰਸ਼) ਉੱਤੇ ਅਸਰ ਨਹੀਂ ਪਾ ਸਕਦੀ।

ਪਖੰਡ ਨਾਲ ਬਾਣੀ ਪੜ੍ਹਨ ਵਾਲੇ ਦੇ ਮਨ ਉੱਤੇ ਬਾਣੀ ਕੋਈ ਮਾੜਾ ਅਸਰ ਨਹੀਂ ਪਾ ਰਹੀ, ਭਾਵੇਂ ਉਹ ਬਾਣੀ ਨੂੰ ਆਪਣੇ ਪਖੰਡ ਦਾ ਸਾਧਨ ਬਣਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਕ ਸ਼ਬਦ ਆਉਂਦਾ ਹੈ :-

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥ (ਪੰਨਾ ੮੫੮)

ਇਕ ਗਨਿਕਾ ਦੀ ਕਥਾ ਆਉਂਦੀ ਹੈ ਕਿ ਤੋਤੇ ਨੂੰ "ਰਾਮ ਰਾਮ" ਪੜ੍ਹਾਉਂਦਿਆਂ ਉਸ ਦਾ ਮਨ ਹੀ "ਰਾਮ" ਵਿਚ ਲੀਨ ਹੋ ਗਿਆ। ਠੀਕ ਗੱਲ ਇਹ ਹੈ ਕਿ ਜਿਸ ਤਰ੍ਹਾਂ ਮਨ ਦੀ ਅਵਸਥਾ ਸਾਡੇ ਲਫ਼ਜ਼ਾਂ ਤੇ ਖ਼ਿਆਲਾਂ ਉੱਤੇ ਅਸਰ ਪਾਂਦੀ ਹੈ, ਇਸੇ ਤਰ੍ਹਾਂ ਸਾਡੇ ਖ਼ਿਆਲ ਤੇ ਲਫ਼ਜ਼ ਸਾਡੇ ਮਨ ਦੀ ਅਵਸਥਾ ਉੱਤੇ ਅਸਰ ਪਾ ਸਕਦੇ ਹਨ। ਬਨਾਉਟੀ ਹੱਸੋ ਤੇ ਹੱਸਣ ਵਾਲਾ ਮੂੰਹ ਬਣਾਉ ਤਾਂ ਅਸਲੀ ਹਾਸਾ ਆ ਹੀ ਜਾਂਦਾ ਹੈ। ਇਸੇ ਤਰ੍ਹਾਂ ਬਨਾਉਟੀ ਰੋਣ 'ਤੇ ਵੈਣ ਕਰਨ ਨਾਲ ਰੋਣਾ ਆ ਹੀ ਜਾਂਦਾ ਹੈ। ਜੋ "ਕਾਮਾਰਥੀ ਸੁਆਰਥੀ" ਬਣਾਉਟੀ ਸੰਤ ਬਣ ਕੇ ਬਨਾਉਟੀ ਪ੍ਰੇਮ ਵਿਚ ਲੀਨ ਹੋਣ ਲੱਗਾ, ਉਸ ਨੂੰ ਅਸਲੀ ਪ੍ਰੇਮ ਜਾਗ ਹੀ ਉਠਿਆ। ਮੈਂ ਇਹ ਨਹੀਂ ਕਹਿੰਦਾ ਕਿ ਹਰ ਇਕ ਬਨਾਉਟੀ ਪ੍ਰੇਮ ਅਸਲੀ ਪ੍ਰੇਮ ਪੈਦਾ ਕਰਦਾ ਹੈ, ਪਰ ਅਸਲੀ ਪ੍ਰੇਮ ਦਾ ਇਕ ਇਹ ਭੀ ਸਾਧਨ ਜ਼ਰੂਰ ਹੈ ਕਿ ਬਨਾਉਟੀ ਸ਼ਕਲ ਪ੍ਰੇਮ ਵਾਲੀ ਧਾਰਨ ਕਰੋ। ਪ੍ਰਮਾਤਮਾ ਦੀ ਭਗਤੀ ਦਾ ਠੀਕ ਕੋਈ ਅਸੂਲ ਲੱਭਣਾ ਤਾਂ ਔਖਾ ਹੈ ਕਿਉਂਕਿ ਪਤਾ ਨਹੀਂ ਲੱਗਦਾ ਕਿ ਉਹ ਬਿਅੰਤ ਕਿਸ ਤਰ੍ਹਾਂ ਰੀਝਦਾ ਹੈ :

ਘਾਲ ਨ ਮਿਲਿਓ ਸੇਵ ਨ ਮਿਲਿਓ,
ਮਿਲਿਓ ਆਇ ਅਚਿੰਤਾ ॥ (ਪੰਨਾ ੬੭੨)

ਕਬੀਰ ਜੀ ਭੀ ਇਕ ਵੇਰਾਂ ਹਾਰ ਕੇ ਇਸੇ ਗੱਲ ਉੱਤੇ ਅੱਪੜੇ ਸਨ :

ਕਹੁ ਕਬੀਰ ਅਖਰ ਦੁਇ ਭਾਖਿ ॥
ਹੋਇਗਾ ਖਸਮੁ ਤ ਲੇਇਗਾ ਰਾਖਿ ॥ (ਪੰਨਾ ੩੨੯)

ਇਸ ਲਈ ਪਿਆਰੇ ਗੁਰਮੁਖੋ ! ਵਿੰਗਾਂ ਟੇਢਾਂ ਤੋਂ ਬਚੋ। ਇਹ ਮਨ ਆਪਣੀ ਕਮਜ਼ੋਰੀ ਲੁਕਾਉਣ ਲਈ ਦੂਜਿਆਂ ਦੀ ਕਮਜ਼ੋਰੀ ਲੱਭਦਾ ਰਹਿੰਦਾ ਹੈ ਤੇ ਜੇ ਕਮਜ਼ੋਰੀ ਦੂਜੇ ਦੀ ਨਾ ਲੱਭੇ ਤਾਂ ਦੂਜੇ ਦੇ ਮੱਥੇ ਥੱਪਦਾ ਰਹਿੰਦਾ ਹੈ। ਉਸ ਵਾਹਿਗੁਰੂ ਉੱਤੇ ਭਰੋਸਾ ਰੱਖ ਕੇ ਉਸ ਦਾ ਨਾਮ ਜਪੀ ਚਲੋ ਤੇ ਐਵੇਂ ਪਖੰਡੀਆਂ ਦੇ ਔਗੁਣ ਫੋਲ ਕੇ ਆਪਣੇ ਮਨ ਨੂੰ ਮੈਲਾ ਨਾ ਕਰੋ। ਚੇਤਾ ਰੱਖੋ ਕਿ ਜਿਹੋ ਜਿਹੀ ਸੰਗਤ ਹੁੰਦੀ ਹੈ,

Sri Satguru Jagjit Singh Ji eLibrary NamdhariElibrary@gmail.com

ਉਸੇ ਤਰ੍ਹਾਂ ਦਾ ਆਦਮੀ ਬਣ ਜਾਂਦਾ ਹੈ। ਇਸੇ ਤਰ੍ਹਾਂ ਜਿਹੋ ਜਿਹੇ ਖ਼ਿਆਲਾਂ ਨੂੰ ਮਨ ਵਿਚ ਥਾਂ ਦੇਵੋਗੇ, ਉਹੋ ਜਿਹਾ ਮਨ ਹੁੰਦਾ ਜਾਵੇਗਾ ਜੇ ਤੁਸੀਂ ਲੋਕਾਂ ਦੇ ਐਬਾਂ ਉੱਤੇ ਮਨ ਨੂੰ ਟਿਕਾਂਦੇ ਹੋ ਤਾਂ ਉਨ੍ਹਾਂ ਐਬਾਂ ਦੀ ਮੈਲ ਤੁਹਾਡੇ ਮਨ ਨੂੰ ਲਗੇਗੀ।

ਮੁਕਦੀ ਗੱਲ ਇਹ ਹੈ ਕਿ ਤੁਸੀਂ ਪਖੰਡ ਨਾਲ ਬਾਣੀ ਪੜ੍ਹਨ ਵਾਲੇ ਦੇ ਪਖੰਡ ਦੇ ਔਗੁਣ ਉੱਤੇ ਮਨ ਨਾ ਟਿਕਾਓ, ਉਸ ਦੇ ਬਾਣੀ ਪੜ੍ਹਨ ਦੇ ਗੁਣ ਉੱਤੇ ਟਿਕਾਓ। ਤੁਸੀਂ ਉਸ ਦੇ ਗੁਣ ਦਾ ਆਪਣੇ ਮਨ ਉੱਤੇ ਅਸਰ ਪਾ ਕੇ ਆਪਣਾ ਮਨ ਪਵਿੱਤਰ ਕਰੋ, ਨਾ ਕਿ ਔਗੁਣ ਉੱਤੇ ਮਨ ਟਿਕਾ ਕੇ ਆਪਣੇ ਮਨ ਨੂੰ ਮਲੀਨ ਕਰ ਲਵੋ।

✡ ✡ ✡

Sri Satguru Jagjit Singh Ji eLibrary NamdhariElibrary@gmail.com

# ੧੫.

## ਬੁੱਤ-ਪੂਜਾ ਤੇ ਮਾਦਾ-ਪ੍ਰਸਤੀ

ਬੁੱਤ-ਪੂਜਾ ਨੂੰ ਸਾਰੀ ਦੁਨੀਆਂ ਵਿਚ ਨਫ਼ਰਤ ਕੀਤੀ ਜਾਂਦੀ ਹੈ। ਜਿਹੜੇ ਬੁੱਤ-ਪੂਜਾ ਕਰਦੇ ਭੀ ਹਨ, ਉਹ ਭੀ ਬੁੱਤ-ਪੂਜਾ ਦੇ ਵਿਰੁੱਧ ਹਨ ਤੇ ਆਪਣੀ ਬੁੱਤ-ਪੂਜਾ ਨੂੰ ਤਾਂ ਉਹ ਕੇਵਲ ਆਤਮ-ਪੂਜਾ ਦਾ ਤਰੀਕਾ ਦਸਦੇ ਹਨ। ਬਹੁਤ ਸਾਰੇ ਧਰਮ ਤਾਂ ਇਕ ਦੂਜੇ ਉੱਤੇ ਬੁੱਤ-ਪੂਜਾ ਕਰਨ ਦਾ ਇਲਜ਼ਾਮ ਲਾਉਂਦੇ ਹਨ ਤੇ ਆਪਣੇ ਆਪ ਨੂੰ ਆਤਮ-ਪੂਜ ਕਹਿੰਦੇ ਹਨ।

ਸਾਰੇ ਪਾਸੇ ਵਿਚਾਰ ਕਰਨ ਤੋਂ ਇਹ ਪਤਾ ਲੱਗਦਾ ਹੈ ਕਿ ਆਤਮ-ਪੂਜਾ ਦਾ ਦਾਵਾ ਕਰਨ ਵਾਲੇ ਭੀ ਕਿਸੇ ਹੱਦ ਤੱਕ ਬੁੱਤ-ਪੂਜਾ 'ਚ ਫਸੇ ਹੁੰਦੇ ਹਨ ਤੇ ਬੁੱਤ-ਪੂਜਾ ਕਰਨ ਵਾਲਿਆਂ ਵਿਚ ਭੀ ਆਤਮ-ਪੂਜਾ ਦਾ ਅੰਸ਼ ਹੁੰਦਾ ਹੈ। ਆਤਮ ਅਥਵਾ ਸੂਖਮ ਗੁਪਤ-ਸ਼ਕਤੀ ਅਥਵਾ ਪ੍ਰਮਾਤਮ ਪੂਜਾ ਕਰਨ ਵਾਲੇ ਭੀ ਜਦ ਤਕ ਉਸ ਪ੍ਰਮਾਤਮਾ ਵਿਚ ਲੀਨ ਨਹੀਂ ਹੋ ਜਾਂਦੇ, ਸੰਸੇ 'ਚ ਹਨ ਤੇ ਇਸ ਕਰਕੇ ਅਸਲ ਵਸਤੂ ਨੂੰ ਅੱਪੜ ਨਾ ਸਕਣ ਕਰਕੇ ਇਸ ਨਕਲੀ ਵਸਤੂ ਅਥਵਾ ਦੁਨੀਆਂ ਦੀ ਹੋਂਦ ਨੂੰ ਕੁਝ ਵਧੇਰੇ ਵਜ਼ਨ ਦੇਂਦੇ ਹਨ ਪਰ ਜੋ ਇਸ ਦੁਨੀਆਂ ਨੂੰ ਹੀ ਅਸਲ ਵਸਤੂ ਨਹੀਂ ਸਗੋਂ ਨਿਰੋਲ ਵਸਤੂ ਮੰਨਦੇ ਹਨ, ਉਨ੍ਹਾਂ ਤੋਂ ਵੱਧ ਬੁੱਤ-ਪੂਜ ਕੌਣ ਹੋ ਸਕਦਾ ਹੈ। ਬੁੱਤ-ਪੂਜ ਉਹ ਹੈ ਜੋ ਆਤਮਾ ਦੀ ਪੂਜਾ ਛੱਡ ਕੇ ਕਿਸੇ ਸਰੀਰਕ ਵਸਤੂ ਦੀ ਪੂਜਾ ਕਰਦਾ ਹੈ। ਨਾਸਤਕ ਇਸ ਦੁਨੀਆਂ ਤੋਂ ਪਰੇ ਕੁਝ ਨਹੀਂ ਮੰਨਦੇ। ਉਹ ਤਾਂ ਇਸ ਦੁਨੀਆਂ ਨੂੰ ਹੀ ਸਭ ਕੁਝ ਸਮਝਦੇ ਹਨ। ਫਿਰ ਉਹ ਬੁੱਤ-ਪੂਜ ਨਾ ਹੋਏ ਤਾਂ ਕੀ ਹੋਏ ? ਜੋ ਬੁੱਤ ਵਾਲੀ ਹੋਂਦ ਤੋਂ ਅੱਡਰੀ ਕੋਈ ਹੋਂਦ ਹੀ ਨਹੀਂ ਮੰਨਦੇ। ਆਸਤਕ ਤਾਂ ਇਸ ਮਾਦੀ (Materialist) ਦੁਨੀਆਂ ਨੂੰ "ਧੂੰਏਂ ਕਾ ਪਹਾਰ" ਮੰਨਦਾ ਹੈ। ਉਹ ਜਾਣਦਾ ਹੈ ਕਿ ਅਸਲ ਸਤ ਵਸਤੂ ਤਾਂ ਆਤਮਾ ਹੀ ਹੈ। ਇਹ ਦੁਨੀਆਂ ਜੋ ਅਸੀਂ ਦੇਖ ਰਹੇ ਹਾਂ, ਇਹ ਛੇਤੀ-ਛੇਤੀ ਬਦਲ ਰਹੀ ਹੈ ਤੇ ਇਸ ਨੇ ਨਾਸ ਹੋ ਹੀ ਜਾਣਾ ਹੈ। ਆਸਤਕ ਭਾਵੇਂ ਬੁੱਤ-ਪੂਜਾ ਭੀ ਕਰਦਾ ਹੈ, ਫਿਰ ਭੀ ਉਹ ਬੁੱਤ ਤੋਂ ਪਰੇ ਸੂਖਮ ਸ਼ਕਤੀ ਅਥਵਾ ਆਤਮਕ-ਸ਼ਕਤੀ ਨੂੰ ਵੇਖ ਰਿਹਾ ਹੈ। ਹਾਂ, ਜੇ ਕੋਈ ਅਜੇਹਾ ਬੁੱਤ-ਪੂਜ ਹੈ, ਜੋ ਬੁੱਤ ਤੋਂ ਪਰੇ ਕੁਝ ਨਹੀਂ ਮੰਨਦਾ ਤਾਂ ਉਹ ਅਸਲ ਬੁੱਤ-ਪੂਜ ਹੈ ਤੇ ਪੱਕਾ ਨਾਸਤਕ ਹੈ। ਉਹ ਬੁੱਤ ਨੂੰ ਮੰਨਦਾ ਹੈ ਤੇ ਆਤਮਾ ਨੂੰ ਨਹੀਂ ਮੰਨਦਾ। ਜੋ ਬੁੱਤ ਨੂੰ ਅਸਲ ਚੀਜ਼ ਮੰਨਦਾ ਹੈ, ਉਹ ਆਤਮ-ਪੂਜ ਨਹੀਂ ਹੋ ਸਕਦਾ; ਤੇ ਜੋ ਆਤਮਾ ਨੂੰ ਅਸਲ ਚੀਜ਼ ਮੰਨਦਾ ਹੈ ਉਹ ਬੁੱਤ-ਪੂਜ ਨਹੀਂ ਹੋ ਸਕਦਾ। ਪਰ ਅਜੇਹੇ ਪੁਰਸ਼ ਹਨ ਜੋ ਆਤਮਾ ਨੂੰ ਅਸਲ ਵਸਤੂ ਮੰਨਦੇ ਹੋਏ ਭੀ ਬੁੱਤ-ਪੂਜਾ ਕਰਦੇ ਹਨ। ਅਜੇਹੇ ਪੁਰਸ਼ ਸੰਸੇ ਵਿਚ ਹਨ।

Sri Satguru Jagjit Singh Ji eLibrary NamdhariElibrary@gmail.com

ਨਾਸਤਕ ਅਖਵਾਣ ਵਾਲੇ ਅਥਵਾ ਕਮਿਊਨਿਸਟ ਆਤਮਾ ਦੀ ਹੋਂਦ ਤੋਂ ਹੀ ਇਨਕਾਰੀ ਹਨ। ਉਹ ਇਸ ਮਾਦੀ ਦੁਨੀਆਂ ਤੋਂ ਪਰੇ ਕੁਝ ਨਹੀਂ ਮੰਨਦੇ। ਉਹ ਕਹਿੰਦੇ ਹਨ ਕਿ ਮਾਦਾ ਹੀ ਸਭ ਕੁਝ ਹੈ ਤੇ ਇਹ ਦੁਨਿਆਵੀ ਜੀਵਨ ਹੀ ਜ਼ੀਵਨ ਹੈ। ਜੋ ਆਤਮਾ ਨੂੰ ਮੰਨਦੇ ਹੀ ਨਹੀਂ, ਉਹ ਆਤਮ-ਪੂਜ ਕਿਸ ਤਰ੍ਹਾਂ ਹੋ ਸਕਦੇ ਹਨ।

ਹਰ ਇਕ ਆਦਮੀ ਸੰਸੇ ਵਿਚ ਹੈ ਤੇ ਇਸ ਕਰਕੇ ਪੂਰਾ ਆਤਮ ਪੂਜ ਨਹੀਂ ਹੈ, ਪਰ ਜੋ ਇਸ ਦੁਨੀਆਂ ਦੀ ਹਸਤੀ ਨੂੰ ਆਤਮਕ-ਹਸਤੀ ਦੇ ਸਾਹਮਣੇ ਤੁਛ ਸਮਝਦਾ ਹੈ। ਉਹ ਆਤਮ-ਪੂਜਾ ਦੇ ਰਾਹ ਤਾਂ ਪਿਆ ਹੋਇਆ ਹੈ ਪਰ ਜੋ ਮੁੱਢੋਂ ਹੀ ਆਤਮਕ ਹਸਤੀ ਤੋਂ ਇਨਕਾਰੀ ਹੈ, ਉਹ ਤਾਂ ਨਿਰੋਲ ਬੁੱਤ-ਪੂਜ ਹੈ ਤੇ ਆਤਮਕ-ਪੂਜਾ ਦੇ ਰਾਹ ਤੋਂ ਲਾਂਭੇ ਹੈ। ਇਉਂ ਕਹੋ ਕਿ ਨਾਸਤਕ ਨਿਰੋਲ ਬੁੱਤ-ਪੂਜ ਹੈ ਤੇ ਆਸਤਕ ਅਖਵਾਣ ਵਾਲਾ ਉਤਨਾ ਬੁੱਤ-ਪੂਜਾ ਵਿਚ ਲਿਬੜਿਆ ਹੋਇਆ ਹੈ, ਜਿਤਨਾ ਅਜੇ ਉਹ ਨਿਰੋਲ ਆਤਮ-ਪੂਜਾ ਤੋਂ ਦੂਰ ਹੈ। ਮੁਕੰਮਲ ਤੌਰ 'ਤੇ ਤਾਂ ਬੁੱਤ ਪੂਜਾ ਤੋਂ ਬਚਦਾ ਹੈ, ਜਿਸ ਨੇ ਅਸਲ ਤੱਤ ਵਸਤੂ ਆਤਮਾ ਨੂੰ ਪੂਰੀ ਤਰ੍ਹਾਂ ਅਨੁਭਵ ਕਰ ਲਿਆ ਹੈ ਤੇ ਇਸ ਕਰਕੇ ਇਸ ਦੁਨੀਆਂ ਨੂੰ "ਇਹੁ ਜਗੁ ਧੂਏ ਕਾ ਪਹਾਰ" ਅਨੁਭਵ ਕਰ ਲਿਆ ਹੈ। ਜਦ ਤਕ ਇਹ ਅਨੁਭਵ ਨਹੀਂ ਹੁੰਦਾ। ਆਤਮ ਪੂਜਾ ਨੂੰ ਮੰਨਣ ਵਾਲਾ ਭੀ ਉਤਨਾ ਕੁਝ ਬੁੱਤ-ਪੂਜ ਹੈ, ਜਿਤਨਾ ਕੁਝ ਉਹ ਇਸ ਬੁੱਤ ਵਾਲੀ ਦੁਨੀਆਂ ਨੂੰ ਵਜ਼ਨ ਦੇ ਰਿਹਾ ਹੈ।

ਮੈਂ ਕਮਿਊਨਿਸਟਾਂ ਨੂੰ ਮੁਕੰਮਲ ਬੁੱਤ-ਪੂਜ ਕਹਿ ਰਿਹਾ ਹਾਂ ਤੇ ਉਹ ਸਮਝਦੇ ਹਨ ਕਿ ਉਹ ਤਾਂ ਪੂਜਾ ਕਿਸੇ ਦੀ ਕਰਦੇ ਹੀ ਨਹੀਂ ਤਾਂ ਉਨ੍ਹਾਂ ਨੂੰ ਬੁੱਤ-ਪੂਜ ਕਿਉਂ ਕਿਹਾ ਜਾਵੇ। ਮੇਰਾ ਜਵਾਬ ਇਹ ਹੈ ਕਿ ਕਿਸੇ ਦੀ ਭੀ ਪੂਜਾ ਕਰਨਾ ਅਥਵਾ ਬੁੱਤ ਦੀ ਪੂਜਾ ਕਰਨਾ ਭੀ ਤਾਂ ਆਤਮਕ ਸ਼ਕਤੀ ਵਿਚ ਨਿਸਚੇ ਦਾ ਹੀ ਨਤੀਜਾ ਹੈ। ਜੋ ਕਿਸੇ ਦੀ ਭੀ ਪੂਜਾ ਨਹੀਂ ਕਰਦਾ ਉਹ ਬੁੱਤ ਤੋਂ ਪਰੇ ਕੁਝ ਮੰਨਦਾ ਹੀ ਨਹੀਂ ਤੇ ਇਸੇ ਕਰਕੇ ਮੁਕੰਮਲ ਬੁੱਤ-ਪੂਜ ਹੈ। ਪੂਜਾ ਕੋਈ ਸਿਰ ਨਿਵਾਣ ਨਾਲ ਨਹੀਂ ਹੁੰਦੀ, ਪੂਜਾ ਤਾਂ ਮਨ ਦੀ ਮਨੌਤੀ ਨਾਲ ਹੁੰਦੀ ਹੈ। ਨਾਸਤਕ ਸਿਰ ਤਾਂ ਕਿਸੇ ਅੱਗੇ ਨਹੀਂ ਨਿਵਾਂਦਾ ਪਰ ਮਨ ਉਸ ਨੇ ਮਾਦੀ ਦੁਨੀਆਂ (ਅਥਵਾ ਬੁੱਤ ਵਾਲੀ ਦੁਨੀਆਂ) ਨੂੰ ਦੇ ਹੀ ਛੱਡਿਆ ਹੈ।

✡ ✡ ✡

Sri Satguru Jagjit Singh Ji eLibrary NamdhariElibrary@gmail.com

## ੧੬.

# ਇਸਤ੍ਰੀ ਮਰਦ ਦੇ ਇਕੋ ਜਿਹੇ ਹੱਕ

ਪੱਛਮੀ ਤਹਿਜ਼ੀਬ ਦੇ ਇਥੇ ਆਵਣ ਨਾਲ ਸਾਡੇ ਲੋਕਾਂ ਦੇ ਖ਼ਿਆਲਾਂ ਉੱਤੇ ਬਹੁਤ ਅਸਰ ਪਿਆ ਹੈ। ਸਾਡੇ ਲੋਕਾਂ ਵਿਚ ਇਹ ਬੇ-ਅਕਲੀ ਹੈ ਕਿ ਕਿਸੇ ਵਿਚ ਇਕ ਗੁਣ ਵੇਖਣ ਤਾਂ ਉਸੇ ਨੂੰ ਸਾਰੀ ਤਰ੍ਹਾਂ ਦਾ ਗੁਣਵਾਨ ਸਮਝਣ ਲੱਗ ਪੈਂਦੇ ਹਨ। ਅੰਗਰੇਜ਼ਾਂ ਨੇ ਆਪਣੇ ਗੁਣ ਨਾਲ ਹੀ ਸਾਡੇ ਦੇਸ਼ ਉੱਤੇ ਕਬਜ਼ਾ ਕੀਤਾ ਸੀ ਪਰ ਅਸਾਂ ਤਾਂ ਇਹ ਸਮਝ ਲਿਆ ਕਿ ਉਹਨਾਂ ਵਿਚ ਸਭ ਹੀ ਗੁਣ ਹਨ। ਅਸੀਂ ਹਰ ਗੱਲ ਵਿਚ ਉਹਨਾਂ ਦੀ ਨਕਲ ਕਰਨ ਲੱਗ ਪਏ। ਹਰ ਕਿਸੇ ਨੂੰ ਅੰਗਰੇਜ਼ੀ ਖਾਣਾ, ਬਾਣਾ ਤੇ ਹੋਰ ਰਸਮ-ਰਿਵਾਜ਼ ਪਸੰਦ ਆਵਣ ਲੱਗ ਪਏ।

ਸਾਡੇ ਵਿਚ ਇਸਤਰੀ ਮਰਦ ਦੇ ਸਬੰਧਾਂ ਬਾਬਤ ਹੋਰ ਖ਼ਿਆਲ ਸੀ ਤੇ ਅੰਗੇਰਜ਼ਾਂ ਵਿਚ ਹੋਰ। ਅਸਾਂ ਬਿਨਾਂ ਸੋਚੇ ਸਮਝੇ ਅੰਗਰੇਜ਼ੀ ਰਿਵਾਜ ਧਾਰਨ ਕਰ ਲਏ। ਕੁਝ ਤਾਂ ਉਹਨਾਂ ਵਿਚ ਚੰਗੇ ਭੀ ਹਨ ਪਰ ਬਾਹਲੇ ਮਾੜੇ ਹਨ। ਇਹਨਾਂ ਰਿਵਾਜਾਂ ਨੂੰ ਛੱਡ ਕੇ ਮੈਂ ਕੇਵਲ ਇਸਤਰੀ-ਪੁਰਸ਼ ਦੇ ਸਬੰਧ ਉੱਤੇ ਹੀ ਵਿਚਾਰ ਕਰਦਾ ਹਾਂ– ਸਾਡੇ ਵਿਚ ਧਰਮ ਪੁਸਤਕਾਂ ਤੇ ਹੋਰ ਰਿਵਾਜਾਂ ਵਿਚ ਇਸਤਰੀ ਦਾ ਮਾਣ ਹੈ ਪਰ ਆਮ ਲੋਕਾਂ ਵਿਚ ਖ਼ਿਆਲ ਪ੍ਰਚਲਤ ਸੀ ਕਿ ਇਸਤਰੀ ਤਾਂ ਪੈਰ ਦੀ ਜੁੱਤੀ ਹੈ। ਇਹ ਅਜੇਹੀ ਮਾੜੀ ਗੱਲ ਸੀ ਕਿ ਇਸ ਦਾ ਅਸਰ ਵੀ ਕਥਨੀ ਤੱਕ ਹੀ ਮਹਿਦੂਦ ਸੀ। ਇਸਤਰੀ ਨੂੰ ਇਤਨਾ ਨੀਵਾਂ ਮੰਨ ਕੇ ਝੱਟ ਨਹੀਂ ਲੰਘ ਸਕਦਾ। ਅੰਗਰੇਜ਼ ਆਏ ਅਤੇ ਉਹਨਾਂ ਨੇ ਸਾਡੇ ਇਸ ਮਾੜੇ ਅੰਗ ਉੱਤੇ ਹਮਲਾ ਕੀਤਾ। ਇਥੇ ਬੱਚੀਆਂ ਨੂੰ ਮਾਰ ਦਿੱਤਾ ਜਾਂਦਾ ਸੀ ਤੇ ਵਿਧਵਾ ਨੂੰ ਸਤੀ ਕਹਿ ਕੇ ਸਾੜ ਦਿੱਤਾ ਜਾਂਦਾ ਸੀ। ਜੇ ਇਹਨਾਂ ਮਾੜੇ ਰਿਵਾਜਾਂ ਦਾ ਮੁਢਲਾ ਕਾਰਨ ਲੱਭੀਏ ਤਾਂ ਭੀ ਉਹ ਇਸਤਰੀ ਦੀ ਇੱਜ਼ਤ ਵਿਚ ਹੀ ਸਭ ਖਾਨਦਾਨ ਦੀ ਇੱਜ਼ਤ ਸਮਝਣ ਦਾ ਜਜ਼ਬਾ ਸੀ ਪਰ ਹਰ ਚੰਗਾ ਖ਼ਿਆਲ ਪੁੱਠੇ ਪਾਸੇ ਪਿਆ ਮਾੜਾ ਹੋ ਜਾਂਦਾ ਹੈ। ਇਸ ਤਰ੍ਹਾਂ ਇਸਤਰੀ ਦੀ ਇੱਜ਼ਤ ਦਾ ਖ਼ਿਆਲ ਇਸਤਰੀ ਨਾਲ ਬਦ-ਸਲੂਕੀ ਦਾ ਕਾਰਨ ਬਣ ਗਿਆ।

ਅੰਗਰੇਜ਼ਾਂ ਨੇ ਸਤੀ ਹੋਣ ਦੀ ਰਸਮ ਤੇ ਬੱਚੀਆਂ ਨੂੰ ਮਾਰਨ ਦਾ ਪਾਪ ਤਾਂ ਹੁਕਮ ਬੰਦ ਕਰ ਦਿੱਤੇ। ਅੰਗਰੇਜ਼ੀ ਤਹਿਜ਼ੀਬ ਦੇ ਅਸਰ ਨਾਲ ਇਸਤਰੀ ਨੂੰ ਨੀਵਾਂ ਸਮਝਣ ਦੇ ਖ਼ਿਆਲ ਨੂੰ ਭੀ ਸੱਟ ਪੁੱਜੀ। ਅੰਗਰੇਜ਼ਾਂ ਨੇ ਈਸਾਈ ਮੱਤ ਦਾ ਪ੍ਰਚਾਰ ਵੀ ਕਰਵਾਇਆ। ਈਸਾਈਆਂ ਨੇ ਹਿੰਦੂਆਂ ਨੂੰ ਈਸਾਈ ਬਨਾਉਣ ਲਈ ਬੁੱਤ-ਪੂਜਾ ਉੱਤੇ ਖ਼ਾਸ ਤੌਰ 'ਤੇ ਹਮਲੇ ਸ਼ੁਰੂ ਕੀਤੇ। ਸਿੱਖ ਭੀ ਹਿੰਦੂਆਂ ਦੇ ਨਾਲ ਹੀ ਬੁੱਤ-ਪੂਜਾ ਵਿਚ ਜਾ ਫਸੇ ਹੋਏ ਸਨ। ਸਿੱਖ ਤੇ ਹਿੰਦੂ ਸੁਸਾਇਟੀ ਵਿਚ ਹਲਚਲ ਮੱਚ ਗਈ। ਇਸ ਹਲਚਲ ਦਾ ਨਤੀਜਾ ਆਰੀਆ ਸਮਾਜ ਅਤੇ ਸਿੰਘ ਸਭਾ ਲਹਿਰ

Sri Satguru Jagjit Singh Ji eLibrary NamdhariElibrary@gmail.com

ਨਿਕਲੇ। ਇਹਨਾਂ ਲਹਿਰਾਂ ਨੇ ਨਾ-ਕੇਵਲ ਧਰਮ ਨੂੰ ਸ਼ੁੱਧ ਕਰਨ ਵੱਲ ਹੀ ਧਿਆਨ ਦਿੱਤਾ, ਸਗੋਂ ਸੋਸ਼ਲ ਸੁਧਾਰ ਵੱਲ ਵਧੇਰੇ ਧਿਆਨ ਦਿੱਤਾ, ਕਿਉਂਕਿ ਇਥੇ ਧਰਮ ਤੇ ਸੋਸ਼ਲ ਕੰਮ ਅੱਡੋ-ਅੱਡਰੇ ਨਹੀਂ ਸਮਝੇ ਜਾਂਦੇ ਸਨ।

ਇਸ ਪ੍ਰਚਾਰ ਦਾ ਇਕ ਅੰਗ ਇਹ ਬਣਿਆ ਕਿ ਇਸਤਰੀ ਮਰਦ ਦੇ ਇਕੋ ਜਿਹੇ ਹੱਕ ਹਨ। ਸਿੰਘਾਂ ਵਿਚ ਤਾਂ ਜੋਸ਼ੀਲੇ ਸਿੰਘ ਸਭੀਆਂ ਨੇ ਇਸਤਰੀਆਂ ਨੂੰ ਪੱਗਾਂ ਬਨ੍ਹਾਣੀਆਂ ਸ਼ੁਰੂ ਕਰ ਦਿੱਤੀਆਂ। ਵੱਡੀ ਦਲੀਲ ਤਾਂ ਉਹਨਾਂ ਕੋਲ ਇਹੋ ਸੀ ਕਿ ਮਰਦ ਤੇ ਇਸਤਰੀ ਦੇ ਇਕੋ ਜਿਹੇ ਹੱਕ ਹਨ। ਜੇ ਮਰਦ ਪੱਗ ਬੰਨ੍ਹ ਸਕਦਾ ਹੈ ਤਾਂ ਇਸਤਰੀ ਕਿਉਂ ਨਹੀਂ ਬੰਨ੍ਹ ਸਕਦੀ? ਅਸਲ ਕਾਰਨ ਤਾਂ ਇਸਤਰੀ ਨੂੰ ਪੱਗ ਬਨ੍ਹਾਣ ਦਾ ਇਹੋ ਸੀ, ਪਰ ਇਸ ਦੀ ਮਦਦ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਗੁਰਬਾਣੀ ਦੀਆਂ ਪੰਗਤੀਆਂ ਵੀ ਲੱਭੀਆਂ ਗਈਆਂ, ਭਾਵੇਂ ਉਹਨਾਂ ਵਿੱਚੋਂ ਇਹ ਭਾਵ ਤਾਂ ਨਹੀਂ ਨਿਕਲ ਸਕਦਾ ਸੀ ਕਿ ਇਸਤਰੀ ਨੂੰ ਪੱਗ ਬਨ੍ਹਣੀ ਚਾਹੀਦੀ। ਪਰ ਜੋਸ਼ੀਲੇ ਲੋਕਾਂ ਨੇ ਤਾਂ ਨਤੀਜਾ ਪਹਿਲਾਂ ਕੱਢਿਆ ਹੋਇਆ ਸੀ ਤੇ ਦਲੀਲਾਂ ਮਗਰੋਂ ਭਾਲਦੇ ਸਨ। ਇਸੇ ਤਰ੍ਹਾਂ ਜਦ ਭੀ ਇਸ ਨਵੀਂ ਸੁਧਾਰਕ ਲਹਿਰ ਦੇ ਜੋਸ਼ੀਲੇ ਸੱਜਣਾਂ ਨੂੰ ਲੋੜ ਪਵੇ, ਉਹ ਇਹੀ ਦਲੀਲ ਦਿੱਤਾ ਕਰਦੇ ਸਨ ਕਿ ਇਸਤਰੀ ਮਰਦ ਦੇ ਇਕੋ ਜਿਹੇ ਹੱਕ ਹਨ ਤੇ ਮਹਾਰਾਜ ਨੇ ਵੀ ਲਿਖਿਆ ਹੈ—"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਇਸ ਤਰ੍ਹਾਂ ਜੋਸ਼ੀਲੇ ਸੁਧਾਰਕਾਂ ਨਾਲ ਮੇਰੀ ਕਈ ਵੇਰਾਂ ਚਰਚਾ ਹੋਈ ਕਿਉਂਕਿ ਮੈਂ ਵੀ ਤਾਂ ਉਹਨਾਂ ਵਿੱਚੋਂ ਸਾਂ, ਭਾਵੇਂ ਇਸਤਰੀ ਦੇ ਪੱਗ ਬੰਨ੍ਹਣ ਦੇ ਹੱਕ ਵਿਚ ਨਹੀਂ ਸਾਂ। ਮੇਰੀ ਦਲੀਲ ਇਹੋ ਸੀ ਕਿ **ਇਸਤਰੀ ਪੁਰਸ਼ ਦੇ ਇਕੋ ਜਿਹੇ ਹੱਕ ਹਨ ਪਰ ਇਕੋ ਹੱਕ ਨਹੀਂ ਹਨ।**

ਦੋਹਾਂ ਦੇ ਦਿਮਾਗ ਤੇ ਸਰੀਰ ਅਤੇ ਸੁਭਾਅ ਦੀ ਬਨਾਵਟ ਅਨੁਸਾਰ ਦੋਹਾਂ ਦੇ ਅੱਡੋ-ਅੱਡਰੇ ਫ਼ਰਜ਼ ਹਨ ਤੇ ਉਨ੍ਹਾਂ ਫ਼ਰਜ਼ਾਂ ਅਨੁਸਾਰ ਹੀ ਹੱਕ ਅੱਡੋ-ਅੱਡਰੇ ਹਨ। ਅੱਡੋ-ਅੱਡਰੇ ਹੱਕ ਹੋਣ ਨਾਲ ਪਤਾ ਨਹੀਂ ਲੱਗ ਸਕਦਾ ਕਿ ਵੱਧ ਕਿਸ ਦੇ ਹਨ ਅਤੇ ਘੱਟ ਕਿਸ ਦੇ, ਕਿਉਂਕਿ ਕੋਈ ਮਾਪ ਹੈ ਨਹੀਂ, ਜਿਸ ਨਾਲ ਇਹ ਹੱਕ ਮਾਪੇ ਜਾ ਸਕਣ। ਹਾਂ ਇਹ ਠੀਕ ਹੈ ਕਿ ਇਸਤਰੀ ਦੀ ਇੱਜ਼ਤ ਮਰਦ ਨਾਲੋਂ ਘੱਟ ਨਹੀਂ ਹੋਣੀ ਚਾਹੀਦੀ। ਇਸਤਰੀ ਦੇ ਆਪਣੇ ਗੁਣ ਤੇ ਆਪਣੇ ਫ਼ਰਜ਼ ਹਨ। ਮਰਦ ਦੇ ਆਪਣੇ ਗੁਣ ਤੇ ਆਪਣੇ ਫ਼ਰਜ਼ ਹਨ ਪਰ ਇਕੱਠੇ ਰਹਿਣ ਤੇ ਇਕੱਠੇ ਗੁਜ਼ਾਰਾ ਕਰਨ ਲਈ ਆਖਰੀ ਫ਼ੈਸਲਾ ਇਕ ਦੇ ਹੱਥ ਦੇਣਾ ਜ਼ਰੂਰੀ ਹੈ ਤੇ ਹੋਇਆ ਕਰਦਾ ਹੈ।

ਕੋਈ ਟੱਬਰ ਜਾਂ ਕੋਈ ਸਾਂਝਾ ਕੰਮ ਚੱਲ ਨਹੀਂ ਸਕਦਾ, ਜਿਸ ਵਿਚ ਨੰਬਰਦਾਰੀ (ਲੀਡਰੀ) ਇਕ ਦੀ ਨਾ ਹੋਵੇ। ਇਸਤਰੀ ਕੁਝ ਕਹੇ, ਮਰਦ ਕੁਝ ਕਹੇ ਤੇ ਬੱਚਾ ਕੁਝ ਹੋਰ ਹੀ ਕਹੇ ਤਾਂ ਫ਼ੈਸਲਾ ਕਿਸ ਦਾ ਹੋਵੇ? ਇਹ ਨੰਬਰਦਾਰੀ ਮਰਦ ਦੀ ਸਮਝੀ ਜਾਂਦੀ ਹੈ, ਭਾਵੇਂ ਅਸਲ ਵਿਚ ਮੈਂ ਵੇਖਿਆ ਹੈ ਕਿ ਘਰ ਦੇ ਅੰਦਰ-ਅੰਦਰ ਤਾਂ ਨੰਬਰਦਾਰੀ ਇਸਤਰੀ ਦੀ ਵਧੇਰੇ ਚਲਦੀ ਹੈ ਪਰ ਜੇ ਇਤਨਾ ਭੀ ਝਗੜਾ ਪਾ ਲਵੋ ਕਿ ਨੰਬਰਦਾਰੀ ਕਿਸ ਦੀ ਚਲਣੀ ਚਾਹੀਦੀ ਹੈ, ਤਾਂ ਭੀ ਫ਼ੈਸਲਾ ਨਹੀਂ ਚੱਲ ਸਕਦਾ।

Sri Satguru Jagjit Singh Ji eLibrary NamdhariElibrary@gmail.com

ਇਹ ਕੰਮ ਤਾਂ ਹੱਕ ਵੰਡਣ ਨਾਲ ਨਹੀਂ ਚੱਲ ਸਕਦਾ, ਫ਼ਰਜ਼ ਜ਼ਿੰਮੇ ਲੈਣ ਨਾਲ ਚਲਦਾ ਹੈ। ਹੱਕਾਂ ਉੱਤੇ ਜ਼ੋਰ ਦੇਣਾ ਹੀ ਝਗੜੇ ਦਾ ਮੂਲ ਹੈ। ਜੋ ਇਸਤਰੀ ਪੁਰਸ਼ ਆਪਣੇ ਹੱਕਾਂ ਉੱਤੇ ਜ਼ੋਰ ਦੇਣਾ ਛੱਡ ਕੇ ਆਪਣੇ ਫ਼ਰਜ਼ਾਂ ਵੱਲ ਧਿਆਨ ਦੇਂਦੇ ਹਨ, ਉਹ ਆਪ ਸੁਖੀ ਹੁੰਦੇ ਹਨ ਤੇ ਦੂਜਿਆਂ ਨੂੰ ਸੁੱਖ ਦੇਂਦੇ ਹਨ।

ਹੱਕਾਂ ਉੱਤੇ ਜ਼ੋਰ ਦੇਣਾ ਤਾਂ ਅਸਾਂ, ਅੰਗਰੇਜ਼ੀ ਤਹਿਜ਼ੀਬ ਦੇ ਅਸਰ ਕਰ ਕੇ ਸਿੱਖਿਆ ਹੈ ਤੇ ਇਸ ਨੇ ਸੁੱਖ ਘਟਾਇਆ ਹੈ। **ਹੱਕਾਂ ਉੱਤੇ ਜ਼ੋਰ ਦੇਣਾ ਖ਼ੁਦਗਰਜ਼ੀ ਹੈ ਤੇ ਫ਼ਰਜ਼ਾਂ ਵੱਲ ਧਿਆਨ ਦੇਣਾ ਸੇਵਾ ਤੇ ਕੁਰਬਾਨੀ ਹੈ।** ਖ਼ੁਦਰਗਜ਼ੀ ਦੁੱਖ ਦਾ ਕਾਰਨ ਹੈ ਕੁਰਬਾਨੀ ਸੁੱਖ ਦਾ।

ਇਸਤਰੀ ਨੂੰ ਮਰਦ ਦੀ ਬਰਾਬਰੀ ਦੇਣ ਦੇ ਯਤਨ ਵਿਚ ਉਸ ਨੂੰ ਨੀਵਾਂਪਨ ਨਹੀਂ ਲੈਣਾ ਚਾਹੀਦਾ। ਇਸਤਰੀ ਕਿਉਂ ਮਰਦ ਦੀ ਨਕਲ ਕਰਨ ਵਿਚ ਵਡਿਆਈ ਸਮਝੇ ? ਇਉਂ ਸਮਝਣਾ ਹੀ ਆਪਣੇ ਆਪ ਨੂੰ ਨੀਵਾਂ ਮੰਨਣਾ ਤੇ ਇਸ ਕਰ ਕੇ ਨੀਵਾਂ ਕਰਨਾ ਹੈ। ਇਕ ਵੇਰਾਂ ਮੈਨੂੰ ਇਕ ਸੱਜਣ ਨੇ ਗੱਲਬਾਤ ਵਿਚ ਕਿਹਾ ਕਿ "ਕੀ ਇਸਤਰੀ ਦਾ ਹੱਕ ਨਹੀਂ ਹੈ ਕਿ ਪੱਗ ਬੰਨ੍ਹੇ ?" ਮੈਂ ਅੱਗੋਂ ਕਿਹਾ ਕਿ ਮਰਦ ਦਾ ਹੱਕ ਨਹੀਂ ਕਿ ਘਗਰਾ ਪਾ ਲਵੇ ? ਸੁਣਨ ਵਾਲੇ ਹੱਸ ਪਏ ਤੇ ਮੈਂ ਵਿਆਖਿਆ ਕੀਤੀ ਕਿ ਮਰਦ ਨੂੰ ਤੁਸੀਂ ਉੱਚਾ ਸਮਝਦੇ ਹੋ। ਤਾਂ ਹੀ ਉਸ ਦੀ ਪੁਸ਼ਾਕ ਨੂੰ ਉੱਚਾ ਮੰਨਦੇ ਹੋ। ਇਸਤਰੀ ਦੀ ਪੁਸ਼ਾਕ ਨੂੰ ਤੁਸੀਂ ਨੀਵਾਂ ਇਸ ਕਰ ਕੇ ਸਮਝਦੇ ਹੋ ਕਿ ਇਸਤਰੀ ਨੂੰ ਨੀਵਾਂ ਸਮਝਦੇ ਹੋ। ਮਰਦ ਦੀ ਨਕਲ ਕਰਨ ਵਿਚ ਇਸਤਰੀ ਵਡਿਆਈ ਸਮਝਦੀ ਹੈ ਤੇ ਇਸਤਰੀ ਦੀ ਨਕਲ ਕਰਨ ਵਿਚ ਮਰਦ ਨੀਵਾਂਪਨ ਸਮਝਦਾ ਹੈ। ਇਸਤਰੀ ਜਦ ਨੀਵੀਂ ਹੀ ਨਹੀਂ ਤਾਂ ਮਰਦ ਦੀ ਬਰਾਬਰੀ ਦਾ ਕਿਉਂ ਜਤਨ ਕਰੇ ? ਪੁਸ਼ਾਕ ਆਦਿ ਵਿਚ ਮਰਦ ਦੀ ਨਕਲ ਕਰਨ ਦਾ ਜਤਨ ਤਾਂ ਇਸਤਰੀ ਲਈ ਆਪਣੇ ਨੀਵਾਂਪਨ ਦਾ ਇਕਬਾਲ ਹੈ।

ਇਸ ਤਰ੍ਹਾਂ ਦੇ ਵਾਧੂ ਝਗੜਿਆਂ ਤੋਂ ਬਚੋ ਤੇ ਸੁਖੀ ਰਹੋ। ਇਸਤਰੀ ਪੁਰਸ਼ ਇਕ ਹਨ "ਏਕ ਜੋਤਿ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ" ਪੁਰਸ਼ ਇਸਤਰੀ ਬਿਨਾਂ ਅਧੂਰਾ ਹੈ ਤੇ ਇਸਤਰੀ ਪੁਰਸ਼ ਬਿਨਾਂ ਅਧੂਰੀ। ਹੱਕਾਂ ਤੇ ਫ਼ਰਜ਼ਾਂ ਦੀਆਂ ਵੰਡੀਆਂ ਪਾਣੀਆਂ ਹੀ ਦੋਹਾਂ ਨੂੰ ਅੱਡੋ-ਅੱਡਰਾ ਫ਼ਰਜ਼ ਕਰਨਾ ਹੈ ਅਤੇ ਝਗੜੇ ਤੇ ਦੁੱਖ ਦਾ ਮੁੱਢ ਜੋਤਰਨਾ ਹੈ। ਕੌਣ ਕਹਿ ਸਕਦਾ ਹੈ ਕਿ ਬਾਈਸਿਕਲ ਦਾ ਅਗਲਾ ਪਹੀਆ ਵਧੇਰੇ ਜ਼ਰੂਰੀ ਹੈ ਕਿ ਪਿਛਲਾ ? ਫਿਰ ਇਸ ਵਿਚਾਰ ਦੀ ਲੋੜ ਹੀ ਕੀ ਹੈ, ਜਦ ਦੋਹਾਂ ਦੇ ਮੇਲ ਬਿਨਾਂ ਕੰਮ ਚੱਲਣਾ ਹੀ ਨਹੀਂ ਤੇ ਜਿਤਨਾ ਵੱਧ ਮੇਲ ਹੋਵੇ, ਉਤਨਾ ਚੰਗਾ ਕੰਮ ਚਲਦਾ ਹੈ।

ਘਰ ਵਿਚ ਹੱਕ ਵੰਡਣੇ ਛੱਡੋ ਤੇ ਫ਼ਰਜ਼ ਪਛਾਣੋਂ !

✡ ✡ ✡

Sri Satguru Jagjit Singh Ji eLibrary NamdhariElibrary@gmail.com

## ੧੭.

# ਸਰਮਾਇਆਦਾਰੀ ਕਿ ਸਰਮਾਇਆ-ਪ੍ਰਸਤੀ

ਇਹ ਪ੍ਰਚਾਰ ਕਰਨਾ ਕਿ ਇਸ ਦੁਨੀਆਂ ਤੋਂ ਪਰੇ ਕੁਝ ਨਹੀਂ ਹੈ ਦੁਨੀਆਂਦਾਰੀ ਦਾ ਪ੍ਰਚਾਰ ਕਰਨਾ ਹੈ। ਜੇ ਇਹੋ ਦੁਨੀਆਂ ਹੀ ਸਭ ਕੁਝ ਹੈ ਤਾਂ ਇਸੇ ਦੁਨੀਆਂ ਦੇ ਸੁੱਖ ਹੀ ਸਾਡਾ ਨਿਸ਼ਾਨਾ ਹੋਏ। ਪਰਉਪਕਾਰ ਜਾਂ ਦੂਜਿਆਂ ਦੀ ਸੇਵਾ ਜਾਂ ਇਨਸਾਫ਼ ਤਾਂ ਆਪਣੇ ਸੁਖ ਦੇ ਤਾਬੇ ਹੀ ਹੋਏ, ਜਿਸ ਦਾ ਮਤਲਬ ਇਹ ਹੈ ਕਿ ਪਰਉਪਕਾਰ ਆਦਿ ਭੀ ਖ਼ੁਦਗਰਜ਼ੀ ਲਈ ਹੀ ਕੀਤੇ ਜਾਣ ਅਥਵਾ ਤਦ ਹੀ ਕੀਤੇ ਜਾਣ ਜੇ ਇਹਨਾਂ ਦਾ ਲਾਭ ਆਪਣੇ ਆਪ ਨੂੰ ਪੁਜਦਾ ਹੋਵੇ। ਕੀ ਇਸ ਨੂੰ ਭੀ ਪਰਉਪਕਾਰ ਕਿਹਾ ਜਾ ਸਕਦਾ ਹੈ, ਇਹ ਤਾਂ ਆਪ ਉਪਕਾਰ ਹੋਇਆ।

ਜਿਨ੍ਹਾਂ ਦਾ ਨਿਸ਼ਾਨਾ ਆਪਣਾ ਸੁੱਖ ਅਥਵਾ ਦੁਨਿਆਵੀ ਸੁੱਖ ਹੀ ਹੈ, ਉਹ ਤਾਂ ਆਪ ਮਾਇਆ ਦੇ ਪੁਜਾਰੀ ਹੋਏ, ਕਿਉਂਕਿ ਮਾਇਆ ਹੀ ਦੁਨਿਆਵੀ ਸੁੱਖਾਂ ਦਾ ਸਾਧਨ ਹੈ। ਜੋ ਦੁਨੀਆਂ ਤੋਂ ਪਰੇ ਕੁਝ ਨਹੀਂ ਮੰਨਦਾ ਅਥਵਾ ਜੋ ਨਾਸਤਕ ਹੈ, ਉਹ ਮਾਇਆ-ਪੂਜ ਹੈ, ਇਸੇ ਤਰ੍ਹਾਂ ਮੈਂ ਇਹ ਕਹਾਂਗਾ ਕਿ ਜੋ ਧਰਮ ਅਥਵਾ ਇਸ ਦੁਨੀਆਂ ਤੋਂ ਪਰੇ ਦੇ ਜੀਵਨ ਅਥਵਾ ਸਦੀਵ-ਜੀਵਨ ਨੂੰ ਜ਼ਬਾਨੋ-ਜ਼ਬਾਨੀ ਮੰਨਦੇ ਹੋਏ ਵੀ ਮਾਇਆ ਦੇ ਪੁਜਾਰੀ ਬਣੇ ਹੋਏ ਹਨ, ਉਹ ਅਸਲ ਵਿਚ ਨਾਸਤਕ ਹਨ।

ਹਰ ਮਾਇਆ ਦਾ ਪੁਜਾਰੀ ਨਾਸਤਕ ਹੈ ਤੇ ਹਰ ਨਾਸਤਕ ਮਾਇਆ ਦਾ ਪੁਜਾਰੀ ਹੈ। ਜਿਤਨਾ ਵੱਧ ਕੋਈ ਮਾਇਆ ਦਾ ਪੁਜਾਰੀ ਹੈ, ਉਤਨਾ ਵੱਧ ਨਾਸਤਕ ਹੈ ਤੇ ਜਿਤਨਾ ਵੱਧ ਕੋਈ ਨਾਸਤਕ ਹੈ, ਉਤਨਾ ਵੱਧ ਉਹ ਮਾਇਆ ਦਾ ਪੁਜਾਰੀ ਹੈ।

ਇਹ ਗੱਲ ਮੈਂ ਇਸ ਵਾਸਤੇ ਕਹੀ ਹੈ ਕਿ ਮੈਂ ਨਹੀਂ ਮੰਨਦਾ ਕਿ ਕੋਈ ਮੁਕੰਮਲ ਨਾਸਤਕ ਹੋ ਸਕਦਾ ਹੈ। ਇਸ ਕਰਕੇ ਇਹ ਵੀ ਮੈਂ ਨਹੀਂ ਮੰਨਦਾ ਕਿ ਕੋਈ ਮੁਕੰਮਲ ਮਾਇਆ ਦਾ ਪੁਜਾਰੀ ਹੋ ਸਕਦਾ ਹੈ। ਹਰ ਨਾਸਤਕ ਦੇ ਮਨ ਵਿਚ ਵਾਹਿਗੁਰੂ ਦੀ ਹੋਂਦ ਦਾ ਸ਼ੱਕ ਰਹਿੰਦਾ ਹੈ ਤੇ ਹਰ ਮਾਇਆ ਦੇ ਪੁਜਾਰੀ ਦੇ ਮਨ ਵਿਚ ਸਦੀਵ-ਜੀਵਨ ਦੀ ਆਸ ਹੁੰਦੀ ਹੈ।

ਪਰ ਅੱਜ-ਕਲ੍ਹ ਜਿਸ ਕੋਲ ਮਾਇਆ ਹੈ, ਉਸ ਨੂੰ ਤਾਂ ਮਾਇਆ ਦਾ ਪੁਜਾਰੀ ਸਮਝਿਆ ਜਾਂ ਕਿਹਾ ਜਾਂਦਾ ਹੈ ਤੇ ਜਿਸ ਕੋਲ ਮਾਇਆ ਨਹੀਂ ਹੈ, ਉਸ ਨੂੰ ਮਾਇਆ ਦਾ ਪੁਜਾਰੀ ਨਹੀਂ ਸਮਝਿਆ ਜਾਂਦਾ। ਇਹ ਗੱਲ ਠੀਕ ਨਹੀਂ ਹੈ। ਮਾਇਆ ਦੇ ਪੁਜਾਰੀ ਤੇ ਮਾਇਆਧਾਰੀ ਵਿਚ ਫ਼ਰਕ ਹੈ। ਕਾਮਯਾਬ ਮਾਇਆ ਦਾ ਪੁਜਾਰੀ ਤਾਂ ਮਾਇਆਧਾਰੀ ਬਣ ਜਾਂਦਾ ਹੈ ਤੇ ਨਾਕਾਮਯਾਬ ਮਾਇਆ ਦਾ ਪੁਜਾਰੀ ਉਸ ਮਾਇਆਧਾਰੀ ਦਾ ਜਾਂ ਉਸ ਦੀ ਸੋਭਾ ਕਰਨ ਵਾਲਾ ਜਾਂ ਉਸ ਨਾਲ ਈਰਖਾ ਕਰਨ ਵਾਲਾ ਬਣਦਾ ਹੈ। ਇਸ ਭੁੱਲ ਵਿਚ ਹੀ ਫਸੇ ਹੋਏ ਭਰਾ ਸਰਮਾਇਆਦਾਰੀ ਨੂੰ ਲਾਨ੍ਹਤ

ਪਾਂਦੇ ਹਨ ਤੇ ਲਾਲਚ ਨੂੰ ਲਾਨ੍ਹਤ ਨਹੀਂ ਪਾਂਦੇ ਜਾਂ ਇਉਂ ਕਹੋ ਕਿ **ਉਹ ਕਾਮਯਾਬ ਮਾਇਆ ਦੇ ਪੁਜਾਰੀ ਨੂੰ ਲਾਨ੍ਹਤ ਪਾਉਂਦੇ ਹਨ ਤੇ ਨਾ-ਕਾਮਯਾਬ ਮਾਇਆ ਤੇ ਪੁਜਾਰੀ ਨੂੰ ਲਾਨ੍ਹਤ ਨਹੀਂ ਪਾਉਂਦੇ।**

ਮਾਇਆ ਦਾ ਝੰਬੇਲਾ ਸਦਾ ਰਿਹਾ ਕਿਉਂਕਿ ਪ੍ਰਮਾਤਮਾ ਦੇ ਪੁਜਾਰੀ ਅਖਵਾਉਣ ਵਾਲੇ ਵੀ ਅਸਲ ਵਿਚ ਮਾਇਆ ਦੇ ਪੁਜਾਰੀ ਵਧੇਰੇ ਹੁੰਦੇ ਹਨ, ਜਦ ਧਰਮ ਦਾ ਜ਼ੋਰ ਵਧੇਰੇ ਹੁੰਦਾ ਸੀ ਤਾਂ ਇਹਨਾਂ ਚਲਾਕ ਮਾਇਆ ਦੇ ਪੁਜਾਰੀਆਂ ਨੇ ਧਰਮ ਦੇ ਪਰਦੇ ਹੇਠਾਂ ਮਾਇਆ ਦਾ ਜਾਲ ਵਿਛਾਇਆ।

ਧਰਮ ਦਾ ਮੁਢਲਾ ਅਸੂਲ ਹੈ ਇਸ ਜੀਵਨ ਤੋਂ ਪਰੇ ਵਾਲੇ ਜੀਵਨ ਅਥਵਾ ਸਦੀਵ-ਜੀਵਨ ਨੂੰ ਮੰਨਣਾ। ਇਨ੍ਹਾਂ ਸਦੀਵ-ਜੀਵਨ ਨੂੰ ਮੰਨਣ ਵਾਲਿਆਂ ਵਿਚ ਭੀ ਨਿਸਚਾ ਕਮਜ਼ੋਰ ਸੀ ਤੇ ਉਹ ਭੀ ਇਸ ਜੀਵਨ ਦੇ ਐਸ਼ਾਂ ਨੂੰ ਹੀ ਮੁੱਖ ਰੱਖ ਕੇ ਮਾਇਆ ਦੇ ਪੁਜਾਰੀ ਬਣ ਗਏ ਸਨ। ਹੁਣ ਮੂੰਹੋਂ ਤਾਂ ਉਹ ਕਹਿੰਦੇ ਸਨ ਕਿ 'ਮਾਇਆ ਤੁਛ ਹੈ ਪਰ ਮਨ ਵਿਚ ਉਹ ਸਮਝਦੇ ਸਨ ਕਿ "ਮਾਇਆ ਹੀ ਸਭ ਕੁਝ ਹੈ" ਅਜੇਹੀ ਦਸ਼ਾ ਵਿਚ ਲੋਕ ਮਾਇਆ ਇਕੱਤਰ ਕਰਦੇ ਸਨ ਤੇ ਜੋ ਇਸ ਵਿਚ ਕਾਮਯਾਬ ਹੋਏ, ਉਹ ਤਾਂ ਬਣ ਗਏ ਮਾਇਆਧਾਰੀ ਅਥਵਾ ਸਰਮਾਇਆਦਾਰ ਤੇ ਜੋ ਇਸ ਵਿਚ ਨਾਕਾਮਯਾਬ ਹੋਏ, ਉਹਨਾਂ ਵਿੱਚੋਂ ਕਈਆਂ ਨੇ ਪੈਂਤੜਾਂ ਬਦਲ ਕੇ ਸਾਧੂ ਦਾ ਭੇਸ ਧਾਰਿਆ। ਸਾਧੂ ਬਣ ਕੇ ਉਹਨਾਂ ਵਿੱਚੋਂ ਕਈ ਮਾਇਆ ਇਕੱਠੀ ਕਰਨ ਵਿਚ ਕਾਮਯਾਬ ਹੋ ਗਏ। ਕਈ ਸਾਧੂ ਚੰਗੇ ਅਮੀਰ ਬਣ ਗਏ।

ਹੁਣ ਸਮਾਂ ਆਇਆ ਪ੍ਰਗਟ ਨਾਸਤਕ ਬਣਨ ਦਾ ਇਹਨਾਂ ਦਾ ਤਾਂ ਨਿਸ਼ਾਨਾ ਹੀ ਮਾਇਆ ਹੈ ਪਰ ਇਨਸਾਫ਼ ਦੇ ਨਾਂ ਉੱਤੇ ਇਹਨਾਂ ਨੇ ਗਰੀਬਾਂ ਨੂੰ ਵਾਜਬ ਹਿੱਸਾ ਦੇਣ ਦਾ ਪ੍ਰਚਾਰ ਸ਼ੁਰੂ ਕੀਤਾ। ਧਰਮ ਨੂੰ ਮੰਨਣ ਵਾਲੇ ਭੀ ਗਰੀਬਾਂ ਨਾਲ ਵੰਡ ਛਕਣ ਦਾ ਪ੍ਰਚਾਰ ਕਰਦੇ ਹਨ ਤੇ ਨਾਸਤਕ ਭੀ। ਸਿੱਖ ਧਰਮ ਵਿਚ ਤਾਂ ਵੰਡ ਛੱਕਣ ਉੱਤੇ ਖ਼ਾਸ ਜ਼ੋਰ ਦਿੱਤਾ ਗਿਆ ਹੈ ਪਰ ਅਸਲ ਵਿਚ ਵੰਡ ਛਕਣ ਉੱਤੇ ਧਰਮੀ ਵੀ ਬਹੁਤ ਘੱਟ ਅਮਲ ਕਰਦੇ ਹਨ ਤੇ ਨਾਸਤਕ ਉਸ ਤੋਂ ਵੀ ਘੱਟ ਅਮਲ ਕਰਨਗੇ। ਧਰਮ ਵਾਲੇ ਤਾਂ ਮੂੰਹੋਂ ਤਿਆਗ ਦਾ ਪ੍ਰਚਾਰ ਕਰਦੇ ਹੋਏ ਵੀ ਲਾਲਚੀ ਬਣ ਗਏ ਤੇ ਜਿਹੜੇ ਪ੍ਰਚਾਰ ਹੀ ਲਾਲਚ ਦਾ ਕਰਦੇ ਹਨ, ਉਨ੍ਹਾਂ ਦਾ ਕੀ ਭਰੋਸਾ ਹੋ ਸਕਦਾ ਹੈ।

ਸਾਧੂ ਦੂਜਿਆਂ ਨੂੰ "ਮਾਇਆ ਤਿਆਗੋ, ਮਾਇਆ ਤਿਆਗੋ" ਕੂਕਦੇ ਹਨ ਤੇ ਆਪ ਮਾਇਆ ਇਕੱਠੀ ਕਰਦੇ ਹਨ। ਇਹੋ ਹਾਲਤ ਹੈ ਨਾਸਤਕਾਂ ਦੀ। ਭਾਵੇ ਕੁਝ ਚਿਰ ਨਵੇਂ ਖ਼ਿਆਲ ਦੀ ਨਵੀਨਤਾ ਦੇ ਜ਼ੋਰ ਵਿਚ ਨਾਸਤਕ ਚੰਗੇ ਹਨ, ਪਰ ਇਹਨਾਂ ਦੀ ਹਾਲਤ ਵਧੇਰੇ ਖ਼ਰਾਬ ਹੋਣੀ ਜ਼ਰੂਰੀ ਹੈ ਕਿਉਂਕਿ ਉਹਨਾਂ ਦਾ ਨਿਸ਼ਾਨਾਂ ਇਸ ਦੁਨੀਆਂ ਤੋਂ ਪਰੇ ਨਹੀਂ ਹੈ।

ਸਾਧੂ "ਮਾਇਆ ਤਿਆਗੋ" ਦਾ ਪ੍ਰਚਾਰ ਕਰਦੇ ਕਰਦੇ ਮਾਇਆਧਾਰੀ ਬਣ ਗਏ ਤੇ ਇਹ "ਮਾਇਆ ਗ੍ਰਹਿਨ ਕਰੋ" ਦਾ ਪ੍ਰਚਾਰ ਕਰਦੇ ਹੋਏ ਕਿਸ ਤਰ੍ਹਾਂ ਨਾ ਬਨਣਗੇ।

Sri Satguru Jagjit Singh Ji eLibrary NamdhariElibrary@gmail.com

ਨਾ-ਕਾਮਯਾਬ ਮਾਇਆ ਦੇ ਪੁਜਾਰੀ ਅੱਗੇ ਸਾਧੂ ਬਣਦੇ ਸਨ, ਹੁਣ ਨਾ-ਕਾਮਯਾਬ ਮਾਇਆ ਦੇ ਪੁਜਾਰੀ ਕਮਿਊਨਿਸਟ ਬਣਦੇ ਹਨ। ਜਿਸ ਤਰ੍ਹਾਂ ਅੱਗੇ ਵਿਰਲੇ-ਵਿਰਲੇ ਅਜੇਹੇ ਲੋਕੀਂ ਭੀ ਸਾਧੂ ਬਣਦੇ ਸਨ, ਜਿਨ੍ਹਾਂ ਵਿਚ ਵੈਰਾਗ, ਪ੍ਰੇਮ ਜਾਂ ਸ਼ਰਧਾ ਦਾ ਜਜ਼ਬਾ ਹੁੰਦਾ ਸੀ ਜਾਂ ਜਿਨ੍ਹਾਂ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਦਾ ਸ਼ੌਕ ਹੁੰਦਾ ਸੀ, ਇਸ ਤਰ੍ਹਾਂ ਹੁਣ ਵੀ ਵਿਰਲੇ-ਵਿਰਲੇ ਆਦਰਸ਼ ਦੀ ਖ਼ਾਤਰ ਕਮਿਊਨਿਸਟ ਬਣਦੇ ਹਨ ਪਰ ਕਿਉਂਕਿ ਕਮਿਊਨਿਸਟਾਂ ਦਾ ਆਦਰਸ਼ ਮੰਗ ਕਰਦਾ ਹੈ, ਮਾਇਆ ਦੇ ਤਿਆਗ ਦੀ ਤੇ ਉਹ ਪ੍ਰਚਾਰ ਕਰਦੇ ਹਨ, ਮਾਇਆ ਦੇ ਗ੍ਰਹਿਣ ਦਾ। ਇਸ ਲਈ ਇਹ ਲੋਕੀਂ ਧਰਮ ਨੂੰ ਮੰਨਣ ਵਾਲਿਆਂ ਨਾਲੋਂ ਛੇਤੀ ਡਿੱਗਣਗੇ। ਇਹਨਾਂ ਦਾ ਤਾਂ ਪ੍ਰਚਾਰ ਆਪਣੇ ਵਿਰੁੱਧ ਹੈ ਪਰ ਆਦਰਸ਼ ਲਈ ਬਣੇ ਸਾਧੂ ਤਾਂ ਬਹੁਤ ਕਾਇਮ ਰਹਿੰਦੇ ਹਨ ਤੇ ਰਹਿਣਗੇ, ਪਰ ਆਦਰਸ਼ ਲਈ ਬਣੇ ਕਮਿਊਨਿਸਟ ਦਿਨੋ-ਦਿਨ ਗਿਰਦੇ ਜਾਣਗੇ ਕਿਉਂਕਿ ਉਹਨਾਂ ਦਾ ਪ੍ਰਚਾਰ ਹੀ ਆਦਰਸ਼ ਦੇ ਵਿਰੁੱਧ ਹੈ। ਕਈ ਨਾਕਾਮਯਾਬ ਮਾਇਆ ਦੇ ਪੁਜਾਰੀ ਸਾਧੂ ਬਣ ਕੇ ਮਾਇਆਧਾਰੀ ਬਣਨ ਵਿਚ ਮੁੜ ਕਾਮਯਾਬ ਹੋ ਗਏ। ਇਸੇ ਤਰ੍ਹਾਂ ਕਈ ਨਾਕਾਮਯਾਬ ਮਾਇਆ ਦੇ ਪੁਜਾਰੀ ਕਮਿਊਨਿਸਟ ਬਣ ਕੇ ਮੁੜ ਮਾਇਆਧਾਰੀ ਬਣਨ ਵਿਚ ਕਾਮਯਾਬ ਹੋ ਸਕਦੇ ਹਨ ਪਰ ਦੁਨੀਆਂ ਨੂੰ ਜੇ ਸਾਧੂ ਬਣੇ ਮਾਇਆਧਾਰੀ ਜ਼ਹਿਨੀਅਤ ਵਾਲਿਆਂ ਨੇ ਨੁਕਸਾਨ ਹੀ ਪੁਚਾਇਆ ਹੈ ਤਾਂ ਮਾਇਆਧਾਰੀ ਜ਼ਹਿਨੀਅਤ ਵਾਲੇ ਕਮਿਊਨਿਸਟਾਂ ਨੇ ਵਧੇਰੇ ਨੁਕਸਾਨ ਪੁਚਾਣਾ ਹੈ। ਦੁਨੀਆਂ ਵਿਚ ਏਕਤਾ, ਇਨਸਾਫ਼, ਅਮਨ, ਆਦਿ ਕਾਇਮ ਕਰਨ ਲਈ ਲਾਲਚ ਘਟਾਉਣਾ ਪਵੇਗਾ। ਇਹ ਲਾਲਚ ਤਦ ਹੀ ਘੱਟ ਸਕਦਾ ਹੈ ਜੇ ਲੋਕਾਂ ਨੂੰ ਨਿਸਚਾ ਹੋਵੇ ਕਿ ਇਸ ਦੁਨੀਆਂ ਤੋਂ ਪਰੇ ਕੋਈ ਦੁਨੀਆਂ ਹੈ ਤੇ ਇਸ ਜੀਵਨ ਤੋਂ ਪਰੇ ਕੋਈ ਜੀਵਨ ਹੈ ਜੋ ਅਸਲ ਵਸਤੂ ਹੈ। ਇਸ ਜੀਵਨ ਦੀਆਂ ਤੁਛ ਵਸਤੂਆਂ ਲਈ ਸਦੀਵ ਜੀਵਨ ਦੀਆਂ ਸਦੀਵ-ਵਸਤੂਆਂ ਨਹੀਂ ਗਵਾਣੀਆਂ ਚਾਹੀਦੀਆਂ।

ਐ ਮਾਇਆ ਦੇ ਨਾਕਾਮਯਾਬ ਪੁਜਾਰੀਓ ! ਤੁਸੀਂ ਆਪਣੀ ਨਾਕਾਮਯਾਬੀ ਵਿਚ ਲਪੇਟ ਕੇ ਸਾਰੀ ਦੁਨੀਆਂ ਨੂੰ ਨਾਕਾਮਯਾਬ ਬਣਾਉਣ ਦਾ ਜਤਨ ਨਾ ਕਰੋ।

* * *

Sri Satguru Jagjit Singh Ji eLibrary NamdhariElibrary@gmail.com

## ੧੮.

# ਜੰਗਲੀ ਫੁੱਲ

*ਹੇਠ ਉਹ ਟੋਟਕੇ ਦਰਜ ਕੀਤੇ ਜਾਂਦੇ ਹਨ, ਜੋ ਮਾਸਟਰ ਤਾਰਾ ਸਿੰਘ ਜੀ ਨੇ ਆਪਣੇ ਬਨਬਾਸ ਦੇ ਸਮੇਂ ਜੰਗਲ ਵਿਚ ਲਿਖੇ ਸਨ। ਇਹ ਸਾਰੇ ਇਕ ਦਿਨ ਨਹੀਂ ਲਿਖੇ ਗਏ ਤੇ ਨਾ ਹੀ ਇਕ ਲੜੀ ਵਿਚ ਪ੍ਰੋਤੇ ਗਏ ਹਨ, ਸਗੋਂ ਜਦ ਕਦੀ ਮਾਸਟਰ ਜੀ ਨੂੰ ਕੋਈ ਖ਼ਿਆਲ ਫੁਰਿਆ ਤਾਂ ਉਹ ਇਨ੍ਹਾਂ ਗੁੰਦਵੇਂ ਅੱਖਰਾਂ ਵਿਚ ਲਿਖ ਦਿੱਤਾ ਗਿਆ। ਹੁਣ ਇਹ ਉਸੇ ਸ਼ਕਲ ਵਿਚ ਤੇ ਉਸੇ ਤਰਤੀਬ ਵਿਚ ਦਰਜ ਕੀਤੇ ਜਾਂਦੇ ਹਨ ਕਿਉਂਕਿ ਇਹ ਜੰਗਲ ਵਿਚ ਲਿਖੇ ਗਏ ਸਨ, ਇਸ ਕਰਕੇ ਇਨ੍ਹਾਂ ਦਾ ਨਾਮ ਅਸਾਂ "ਜੰਗਲੀ ਫੁੱਲ" ਰੱਖ ਦਿੱਤਾ ਹੈ।—ਪ੍ਰਕਾਸ਼ਕ*

✲ ਆਪਣੇ ਔਗੁਣ ਦਾ ਪਤਾ ਨਾ ਹੋਣਾ ਸਭ ਔਗੁਣਾਂ ਵਿੱਚੋਂ ਵੱਡਾ ਔਗੁਣ ਹੈ।

✲ ਦੁੱਖ ਦਾ ਡਰ ਹੀ ਦੁੱਖਾਂ ਸਿਰ ਦੁੱਖ ਹੈ। ਜੋ ਦੁੱਖ ਤੋਂ ਡਰਦਾ ਨਹੀਂ, ਉਸ ਤੋਂ ਦੁੱਖ ਡਰਦਾ ਹੈ।

✲ ਜਿਸ ਨੂੰ ਕਪਟ ਕਰਨ ਦੀ ਅਕਲ ਨਹੀਂ, ਉਹ ਉਸੇ ਤਰ੍ਹਾਂ ਦਾ ਨਿਰ-ਕਪਟ ਹੈ, ਜਿਸ ਤਰ੍ਹਾਂ ਦਾ ਮੇਰਾ ਖੋਤਾ।

✲ ਡਕਾਰ ਮਾਰ ਕੇ ਇਹ ਨਾ ਸਮਝ ਲਿਆ ਕਰੋ ਕਿ ਤੁਸਾਂ ਤੋਪ ਚਲਾ ਦਿੱਤੀ ਹੈ। ਆਪਣੇ ਦਿੱਤੇ ਹੋਏ ਲੈਕਚਰ ਉੱਤੇ ਗਹੁ ਨਾਲ ਵੇਖੋ।

✲ ਗਰੀਬ ਉਹ ਨਹੀਂ, ਜਿਸ ਦੇ ਕੋਲ ਕੁਝ ਨਹੀਂ ਹੈ। ਗਰੀਬ ਉਹ ਹੈ, ਜਿਸ ਨੂੰ ਫ਼ਿਕਰ ਹੈ ਕਿ ਮੇਰੇ ਕੋਲ ਕੁਝ ਨਹੀਂ ਹੈ।

✲ ਦੇਸ਼ ਉੱਤੇ ਨਿਰਾਸਤਾ, ਖ਼ੁਦਗਰਜ਼ੀ, ਨਾਸਤਕਤਾ, ਅਹੰਕਾਰ, ਝੂਠ, ਫੁੱਟ ਤੇ ਬੇਈਮਾਨੀ ਦੀਆਂ ਕਾਲੀਆਂ ਘਟਾਂ ਛਾ ਰਹੀਆਂ ਹਨ ਪਰ ਕੌਣ ਕਹਿ ਸਕਦਾ ਹੈ ਕਿ ਇਨ੍ਹਾਂ ਵਿੱਚੋਂ ਬਿਜਲੀ ਪਏਗੀ ਜਾਂ ਬਾਰਸ਼ ਵਸੇਗੀ।

✲ ਜੋ ਦੂਜੇ ਦੀ ਆਕੜ ਤੋੜ ਕੇ ਉਸ ਦੀ ਹੋਸ਼ ਠਿਕਾਣੇ ਲਿਆਉਣੀ ਚਾਹੁੰਦਾ ਹੈ, ਨਿਸਚਾ ਰੱਖੋ, ਉਸ ਦੀ ਆਪਣੀ ਹੋਸ਼, ਉਸ ਦੀ ਆਪਣੀ ਆਕੜ ਨੇ ਠਿਕਾਣਿਓਂ ਲਾਂਭੇ ਕੀਤੀ ਹੋਈ ਹੈ।

✲ ਜੋ ਚੰਗਾ ਅਖਵਾਉਣਾ ਚਾਹੁੰਦਾ ਹੈ, ਉਹ ਚੰਗਾ ਬਣ ਨਹੀਂ ਸਕਦਾ, ਕਿਉਂਕਿ ਉਹ ਬੇ-ਅਸੂਲੇ ਲੋਕਾਂ ਦਾ ਹਥਿਆਰ ਬਣ ਜਾਂਦਾ ਹੈ।

✲ ਤਾਕਤਵਰ ਉਹ ਹੈ ਜੋ ਆਪਣੇ ਅੰਦਰ ਤਾਕਤ ਪੈਦਾ ਕਰਦਾ ਹੈ, ਨਾ ਕਿ ਉਹ ਜੋ ਦੂਜਿਆਂ ਦੇ ਆਸਰੇ ਖੜ੍ਹਾ ਹੁੰਦਾ ਹੈ।

✲ ਉੱਚਾ ਉਹ ਹੈ ਜੋ ਆਪ ਉੱਚਾ ਹੈ। ਨਾ ਕਿ ਉਹ ਜੋ ਦੂਜਿਆਂ ਦੇ ਮੋਢਿਆਂ ਉੱਤੇ ਚੜ੍ਹ ਕੇ ਉੱਚਾ ਬਣਦਾ ਹੈ। ਅਜੇਹੇ ਉੱਚੇ ਨੂੰ ਦੂਜੇ ਇਸ ਤਰ੍ਹਾਂ ਸਿਰਪਰਨੇ ਵਗਾਹ ਕੇ ਸੁੱਟਣਗੇ ਕਿ ਉਸ ਦਾ ਕਚੂਮਰ ਨਿਕਲ ਜਾਏਗਾ।

Sri Satguru Jagjit Singh Ji eLibrary NamdhariElibrary@gmail.com

✡ ਜੋ ਜ਼ੋਰ ਵਿਚ ਆ ਕੇ ਜ਼ੋਰ ਨਹੀਂ ਕਰ ਸਕਦਾ, ਉਹ ਕਮਜ਼ੋਰੀ ਨੂੰ ਸੱਦਾ ਦੇ ਰਿਹਾ ਹੈ।

✡ ਅਜੇਹੇ ਬਥੇਰੇ ਹਨ ਜੋ ਆਪਣੀ ਇੱਜ਼ਤ ਤੋਂ ਜਾਨ ਨੂੰ ਕੁਰਬਾਨ ਕਰ ਸਕਦੇ ਹਨ, ਪਰ ਅਜੇਹੇ ਵਿਰਲੇ ਹਨ ਜੋ ਆਪਣੀ ਇੱਜ਼ਤ ਨੂੰ ਸਚਾਈ ਜਾਂ ਪਰਉਪਕਾਰ ਤੋਂ ਕੁਰਬਾਨ ਕਰ ਸਕਣ।

✡ ਤਲਵਾਰ ਨਾਲੋਂ ਧ੍ਰਿਕਾਰ ਝੱਲਣੀ ਬਾਹਲੀ ਔਖੀ ਹੈ।

✡ ਕੌਮੀ ਜੰਗ ਵਿਚ ਜੂਝ ਮਰਨਾ ਸੌਖਾ ਹੈ ਪਰ ਕੌਮੀ ਜੰਗ ਦਾ ਸਮਝੌਤਾ ਕਰਨਾ ਔਖਾ ਹੈ। ਜੰਗ ਵਿਚ ਜੂਝ ਮਰਨਾ ਬਹਾਦਰ ਦਾ ਕੰਮ ਹੈ, ਪਰ ਸਮਝੌਤੇ ਦੀ ਜ਼ੁੰਮੇਵਾਰੀ ਸਿਰ 'ਤੇ ਲੈਣੀ ਕਿਸੇ ਪੱਕੇ ਤਿਆਗੀ ਦਾ ਕੰਮ ਹੈ।

✡ ਜਿਹੜਾ ਤਾਕਤ ਪਕੜ ਕੇ ਸਮਝੌਤਾ ਨਹੀਂ ਕਰ ਸਕਦਾ, ਉਹ ਕਮਜ਼ੋਰੀ ਵਿਚ ਡਿੱਗ ਕੇ ਤਰਲੇ ਕਰੇਗਾ।

✡ ਜੋ ਆਪਣਾ ਫ਼ਰਜ਼ ਨਿਬਾਹੁਣਾ ਚਾਹੁੰਦਾ ਹੈ, ਉਸ ਨੂੰ ਫ਼ਰਜ਼ ਪਤਾ ਕਰਨ ਵਿਚ ਕਿਸੇ ਦੀ ਮਦਦ ਦੀ ਲੋੜ ਨਹੀਂ ਪੈਂਦੀ।

✡ ਕੋਈ ਦੋ ਆਦਮੀ ਇਕੋ-ਜਿਹੀ ਸ਼ਕਲ ਵਾਲੇ ਨਹੀਂ ਹੁੰਦੇ। ਇਸੇ ਤਰ੍ਹਾਂ ਉਨ੍ਹਾਂ ਦੀਆਂ ਰਾਵਾਂ ਵੀ ਅੱਡਰੀਆਂ ਹੁੰਦੀਆਂ ਹਨ।

✡ ਦੁਨੀਆਂ ਵਿਚ ਇਤਨੀ ਖੁਸ਼ੀ ਨਹੀਂ ਹੈ ਕਿ ਦੁਨੀਆਂ ਵਿਚ ਖੁਸ਼ੀ ਪੈਦਾ ਕਰਨ ਦਾ ਕੋਈ ਮੌਕਾ ਹੱਥੋਂ ਜਾਣ ਦਿੱਤਾ ਜਾਵੇ।

✡ ਸੱਚ ਬੋਲਣ ਵਾਲੇ ਨੂੰ ਹੀ ਸੱਚ ਫੁਰਦਾ ਹੈ।

✡ ਕਈ ਮਨੁੱਖ ਝੂਠ ਵਿਚ ਅਜੇਹੇ ਰੰਗੇ ਗਏ ਹਨ ਕਿ ਜੇ ਉਹ ਸੱਚ ਬੋਲਣ ਲਈ ਸਾਰਾ ਯਤਨ ਵੀ ਕਰਨ ਤਾਂ ਵੀ ਵਿਚ ਅੱਧ ਤੋਂ ਵੱਧ ਝੂਠ ਹੁੰਦਾ ਹੈ।

✡ ਜਿਹੜਾ ਜੀਵਨ ਦੂਜਿਆਂ ਲਈ ਲਾਭਦਾਇਕ ਨਹੀਂ, ਉਸ ਦਾ ਲਾਭ ਹੀ ਕੀ ਹੈ ?

✡ ਵੱਡਾ ਦਿਲ ਕਰੋ, ਤੁਸੀਂ ਵੱਡੇ ਹੋਵੋਗੇ।

✡ ਪਹਿਲਾਂ ਬੁਰਾ ਖ਼ਿਆਲ ਰੋਕੋ, ਕਿਉਂਕਿ ਹਰ ਖ਼ਿਆਲ ਮਗਰੋਂ ਆਉਣ ਵਾਲੇ ਖ਼ਿਆਲ ਲਈ ਮਨ ਵਿਚ ਲੀਹ ਛੱਡ ਜਾਂਦਾ ਹੈ।

✡ ਜਦ ਤੱਕ ਆਦਮੀ ਜਿਉਂਦਾ ਹੈ ਤੱਦ ਤਕ ਵਾਹਿਗੁਰੂ ਨੇ ਉਸ ਨੂੰ ਆਪਣਾ ਚਾਲ-ਚਲਨ ਉੱਚਾ ਕਰਨ ਦਾ ਮੌਕਾ ਦਿੱਤਾ ਹੋਇਆ ਹੈ।

✡ ਕਰਜ਼ਾ ਭੁੱਲ ਜਾਣ ਨਾਲ ਕਰਜ਼ਾ ਲਹਿ ਨਹੀਂ ਜਾਂਦਾ।

✡ ਜੇ ਤੁਸੀਂ ਆਪਣੇ ਕੀਤੇ ਅਹਿਸਾਨ ਨੂੰ ਚੇਤੇ ਰਖੋਗੇ ਤਾਂ ਦੂਜਾ ਭੁੱਲ ਜਾਏਗਾ। ਤੇ ਜੇ ਤੁਸੀਂ ਭੁੱਲ ਜਾਉਗੇ, ਤਾਂ ਉਹ ਚੇਤੇ ਰੱਖੇਗਾ।

✡ ਜੋ ਆਪਣੇ ਮੂੰਹੋਂ ਆਪਣੀ ਵਡਿਆਈ ਕਰਦਾ ਹੈ, ਉਹ ਅਹੰਕਾਰੀ ਹੈ। ਜੋ ਆਪਣੇ ਮੂੰਹੋਂ ਆਪਣੀ ਨਿੰਦਿਆ ਕਰਦਾ ਹੈ, ਉਹ ਪਾਖੰਡੀ ਹੈ। ਜੋ ਆਪਣੇ ਮੂੰਹੋਂ ਆਪਣੇ ਸਬੰਧੀ ਵੇਹਲੀਆਂ ਗੱਲਾਂ ਕਰਦਾ ਹੈ, ਉਹ ਮੂਰਖ ਹੈ।

Sri Satguru Jagjit Singh Ji eLibrary NamdhariElibrary@gmail.com

✲ ਜੋ ਆਪਣਾ ਗੁਣ ਨਹੀਂ ਕਹਿੰਦਾ ਤੇ ਦੂਜੇ ਦੇ ਔਗੁਣ ਨਹੀਂ ਫੋਲਦਾ, ਉਹ ਕਾਮਯਾਬ ਹੁੰਦਾ ਹੈ।

✲ ਜਦ ਤੁਸੀਂ ਆਪਣੇ ਜਾਂ ਆਪਣੇ ਬੱਚਿਆਂ ਦੇ ਗੁਣ ਕਹਿ ਰਹੇ ਹੁੰਦੇ ਹੋ, ਤਾਂ ਜ਼ਰਾ ਸੁਣਨ ਵਾਲਿਆਂ ਵੱਲ ਨਜ਼ਰ ਮਾਰੋ। ਕੋਈ ਛੱਤ ਵੱਲ ਵੇਖ ਰਿਹਾ ਹੁੰਦਾ ਹੈ। ਕੋਈ ਕੰਧ ਵੱਲ ਤੇ ਕੋਈ ਉਂਗਲ ਨਾਲ ਫਰਸ਼ ਪਿਆ ਫਰੋਲਦਾ ਹੈ।

✲ ਵਿੱਦਿਆ ਅਕਲ ਨੂੰ ਤੇਜ਼ ਕਰਦੀ ਹੈ ਪਰ ਜਿੱਥੇ ਅਕਲ ਹੋਵੇ ਹੀ ਨਾ ?

✲ ਵਿੱਦਿਆ ਪੜ੍ਹਨਾ ਹੱਥ ਵਿਚ ਦੀਵਾ ਲੈਣਾ ਹੈ ਪਰ ਜਿਸ ਨੂੰ ਰਾਹ ਦਾ ਪਤਾ ਹੀ ਨਹੀਂ, ਉਸ ਨੂੰ ਦੀਵੇ ਨੇ ਰਾਹ ਨਹੀਂ ਦੱਸਣਾ।

✲ ਜੋ ਆਪਣੀ ਸੋਚ ਉਸ ਵਾਹਿਗੁਰੂ 'ਤੇ ਸੁੱਟ ਦਿੰਦਾ ਹੈ, ਉਸ ਨੂੰ ਠੀਕ ਸੋਚ ਫੁਰਦੀ ਹੈ।

✲ ਪ੍ਰੇਮ ਤੇ ਕੁਰਬਾਨੀ ਇਕੋ ਵਸਤੂ ਦੇ ਦੋ ਨਾਮ ਹਨ।

✲ ਸ਼ਹਿਦ ਦੀ ਮੱਖੀ ਵਾਂਗ ਫੁੱਲਾਂ ਵਿੱਚੋਂ ਮਿਠਾਸ ਲੈ ਲਵੋ, ਫੁੱਲ ਨਾ ਤੋੜੋ।

✲ ਜਿਤਨਾਂ ਵੀ ਵੱਡਾ ਅਸੀਂ ਵਾਹਿਗੁਰੂ ਨੂੰ ਖ਼ਿਆਲ ਕਰ ਸਕਦੇ ਹਾਂ, ਉਹ ਉਸ ਤੋਂ ਵੱਡਾ ਹੈ।

✲ ਹਰ ਦਿਨ ਮਗਰੋਂ ਰਾਤ ਤੇ ਹਰ ਰਾਤ ਮਗਰੋਂ ਸਵੇਰ ਹੁੰਦੀ ਹੈ।

✲ ਹੱਸ ਕੇ ਬੋਲਣਾ ਮੁਫ਼ਤ ਖੁਸ਼ੀ ਦੇਂਦਾ ਤੇ ਲੈਂਦਾ ਹੈ।

✲ ਜੋ ਰੁਪਏ ਨਾਲ ਮਿਲਦਾ ਹੈ, ਉਹ ਤੁਹਾਡਾ ਨਹੀਂ ਹੈ।

✲ ਪ੍ਰੇਮ, ਪ੍ਰੇਮ ਨੂੰ ਪੈਦਾ ਕਰਦਾ ਹੈ ਤੇ ਨਫ਼ਰਤ, ਨਫ਼ਰਤ ਨੂੰ।

✲ ਉਦਾਸੀ ਇਕ ਆਦਤ ਹੈ। ਉਦਾਸ ਆਦਮੀ ਨੂੰ ਜੇ ਬਿਪਤਾ ਕੋਈ ਨਹੀਂ ਹੈ, ਤਾਂ ਇਸ ਡਰ ਕਰਕੇ ਉਦਾਸ ਰਹਿੰਦਾ ਹੈ, ਕਿ ਮਤਾਂ ਬਿਪਤਾ ਆ ਜਾਵੇ।

✲ ਇਸ ਭੀੜ ਵਿਚ ਉੱਚਾ ਨਾ ਹੋ, ਕਿਉਂਕਿ ਉੱਚੇ ਸਿਰ ਵਿਚ ਹੀ ਡੰਡਾ ਪੈਂਦਾ ਹੈ।

✲ ਵਾਹਿਗੁਰੂ ਨੇ ਜੇ ਤੈਨੂੰ ਉੱਚਾ ਬਣਾਇਆ ਹੈ ਤਾਂ ਸਿਰ ਨੀਵਾਂ ਕਰਕੇ ਹੀ ਬਚ ਸਕਦਾ ਹੈਂ।

✲ ਸੋਨਾ ਚਮਕਦਾ ਨਹੀਂ ਜਦ ਤੀਕ ਕੁਠਾਲੀ ਵਿਚ ਨਾ ਤਪੇ।

✲ ਕਾਲੀਆਂ ਘਟਾਂ ਦੇ ਹਨ੍ਹੇਰੇ ਤੋਂ ਘਬਰਾ ਨਾ, ਇਨ੍ਹਾਂ ਵਿੱਚੋਂ ਬਾਰਸ਼ ਵੱਸੇਗੀ।

✲ ਵੱਡੇ ਦਰੱਖਤ ਉਥੇ ਹੀ ਉਗਦੇ ਹਨ, ਜਿਥੇ ਡੂੰਘੀ ਮਿੱਟੀ ਹੋਵੇ, ਵੱਡੇ ਖ਼ਿਆਲ ਵੱਡੇ ਦਿਲਾਂ ਵਿਚ ਹੀ ਜੜ੍ਹ ਪਕੜਦੇ ਹਨ।

✲ ਜੋ ਵਾਹਿਗੁਰੂ ਕਰਦਾ ਹੈ, ਉਹ ਤੇਰੇ ਭਲੇ ਲਈ ਹੀ ਕਰਦਾ ਹੈ। ਉਹ ਬਿਪਤਾ ਘਲਦਾ ਹੈ ਤਾਂ ਨਿਸਚਾ ਰੱਖ ਕਿ ਇਸ ਵਿੱਚੋਂ ਤੂੰ ਵਧੇਰੇ ਪੱਕਾ ਹੋ ਕੇ ਨਿਕਲੇਂਗਾ।

✲ ਕਾਮਯਾਬੀ ਕੰਮ ਜਾਣਨ ਵਿਚ ਨਹੀਂ, ਕੰਮ ਕਰਨ ਵਿਚ ਹੈ।

✲ ਬਧਾ ਚਟੀ ਜੋ ਭਰੇ, ਨਾ ਗੁਣੁ ਨਾ ਉਪਕਾਰੁ ॥

(ਵਾਰ ਸੂਹੀ ਮ: ੨ ਪੰਨਾ ੭੮੭)

Sri Satguru Jagjit Singh Ji eLibrary NamdhariElibrary@gmail.com

✡ ਛੋਟੇ-ਛੋਟੇ ਕਤਰਿਆਂ ਦਾ ਸਮੁੰਦਰ ਬਣਦਾ ਹੈ ਤੇ ਛੋਟੇ-ਛੋਟੇ ਖ਼ਿਆਲਾਂ ਦਾ ਚਾਲ-ਚਲਨ ।

✡ ਅਜੇਹੇ ਬਹੁਤ ਹਨ, ਜੋ ਲੱਖਾਂ ਰੁਪਿਆਂ ਉੱਤੇ ਬੇਈਮਾਨੀ ਨਹੀਂ ਕਰਦੇ ਪਰ ਅਜੇਹੇ ਥੋੜ੍ਹੇ ਹਨ ਜੋ ਆਪਣੇ ਖ਼ਿਆਲਾਤ ਈਮਾਨਦਾਰੀ ਨਾਲ ਪ੍ਰਗਟ ਕਰਦੇ ਹਨ ।

✡ ਕਿਸੇ ਮਿੱਤਰ ਪਾਸੋਂ ਉਸ ਤੋਂ ਵੱਧ ਸਹਾਇਤਾ ਦੀ ਆਸ ਨਾ ਰੱਖੋ, ਜਿਤਨੀ ਕਿ ਤੁਸੀਂ ਉਸ ਨੂੰ ਦੇਣ ਨੂੰ ਤਿਆਰ ਹੋ ।

✡ ਕਈ ਵੇਰਾਂ ਚੁੱਪ ਰਹਿਣਾ ਬੋਲਣ ਨਾਲੋਂ ਸੋਹਣਾ ਬੋਲਣਾ ਹੈ ।

✡ ਮੈਂ ਆਪਣੇ ਬੋਲਣ ਉੱਤੇ ਕਈ ਵੇਰਾਂ ਪਛਤਾਇਆ ਹਾਂ, ਪਰ ਚੁੱਪ ਉੱਤੇ ਕਦੀ ਨਹੀਂ ਪਛਤਾਇਆ ।

✡ ਆਸ ਸਾਹਮਣੇ ਰੱਖ ਕੇ ਤੁਰੋ ਤਾਂ ਪਰਛਾਵਾਂ ਪਿੱਛੇ ਪਏਗਾ ਕਿਉਂਕਿ ਆਸ ਸਾਡਾ ਜੀਵਨ ਸੂਰਜ ਹੈ ।

✡ ਮੈਨੂੰ ਇਤਨਾ ਪਤਾ ਹੈ ਕਿ ਮੈਨੂੰ ਕੁਝ ਨਹੀਂ ਪਤਾ ।

✡ ਕੇਵਲ ਭਲੇ ਲੋਕ ਹੀ ਨਾ ਬਣੋ, ਕੁਝ ਭਲਾ ਕਰੋ ਵੀ ।

✡ ਉਸਤਾਦੀ ਦਾ ਬੋਲਣਾ ਨਾਕਾਮਯਾਬ ਹੋ ਸਕਦਾ ਹੈ, ਪਰ ਭੋਲਾਪਨ ਦੀ ਚੁੱਪ ਨਾਕਾਮਯਾਬ ਨਹੀਂ ਹੋ ਸਕਦੀ ।

✡ ਦੁਸ਼ਮਣ ਨੂੰ ਮਾਰਨ ਦਾ ਚੰਗਾ ਢੰਗ ਉਸ ਵਿੱਚੋਂ ਦੁਸ਼ਮਣੀ ਕੱਢ ਦੇਣਾ ਹੈ ।

✡ ਜੇ ਗੁੱਸਾ ਆਵੇ ਤਾਂ ਬੋਲਣ ਤੋਂ ਪਹਿਲਾਂ ਦੱਸ ਗਿਣੋ, ਜੇ ਬਹੁਤਾ ਆਵੇ ਤਾਂ ਸੌ ।

✡ ਖੁਸ਼ੀ ਨਾਲ ਦੁੱਖ ਵਿਚ ਪੈਣਾ ਖੁਸ਼ੀ ਨਾਲੋਂ ਡੂੰਘੀ ਖੁਸ਼ੀ ਦਿੰਦਾ ਹੈ ।

✡ ਵਿਆਹ ਨਾਲੋਂ ਵਧੇਰੇ ਖੁਸ਼ੀ ਦੇਣ ਵਾਲੀ ਵਸਤੂ ਸ਼ਹੀਦੀ ਹੈ ।

✡ ਅੱਗ ਜਾਂ ਪਾਣੀ ਵਿਚ ਕੋਈ ਸੌਂ ਨਹੀਂ ਸਕਦਾ, ਪਰ ਧੁੱਪ ਵਿਚ ਸੁੱਤੇ ਪਏ ਬਥੇਰੇ ਨਜ਼ਰ ਆਉਂਦੇ ਹਨ ।

✡ ਦੂਜਿਆਂ ਦੇ ਚਾਲ-ਚਲਨ ਉੱਤੇ ਨੁਕਤਾਚੀਨੀ ਕਰਦਾ ਹੋਇਆ ਆਦਮੀ ਆਪਣੇ ਚਾਲ-ਚਲਨ ਨੂੰ ਪ੍ਰਗਟ ਕਰ ਰਿਹਾ ਹੁੰਦਾ ਹੈ ।

✡ ਸਭ ਤੋਂ ਵੱਡਾ ਉਹ ਹੈ, ਜੋ ਸਭ ਤੋਂ ਛੋਟਾ ਹੈ ਤੇ ਸਭ ਤੋਂ ਛੋਟਾ ਉਹ ਹੈ, ਜੋ ਸਭ ਤੋਂ ਵੱਡਾ ਹੈ ।

✡ ਜੰਗਲੀ ਬੂਟੀਆਂ ਵਧੇਰੇ ਗੁਣਕਾਰ ਹਨ ਕਿ ਬਾਗ ਦੇ ਫੁੱਲ ? ਕੋਈ ਜਾਣੂ ਦੱਸੇ ।

✡ ਤਾਰੇ ਚਮਕਣ ਤੇ ਫੁੱਲ ਖਿੜਣ ਲਈ ਰਾਤ ਜ਼ਰੂਰੀ ਹੈ ।

✡ ਸਭ ਤੋਂ ਵਧੀਆ ਅਰਦਾਸ ਇਹ ਹੈ—"ਵਾਹਿਗੁਰੂ ਮੇਰੀ ਮਰਜ਼ੀ ਨਾ ਕਰ, ਆਪਣਾ ਭਾਣਾ ਵਰਤਾ ।"

✡ ਜੋ ਠੀਕ ਸਮਝੋ ਉਹ ਕਰਨ ਦੀ ਖੁੱਲ੍ਹ ਦਾ ਨਾਮ ਆਜ਼ਾਦੀ ਹੈ, ਨਾ ਕਿ ਜੋ ਜੀ ਚਾਹੇ, ਉਹੋ ਕਰਨ ਦਾ ।

✡ ਬੁੱਢਿਆ !... ਪਿਛਲ ਰਾਤਿ ਨ ਜਾਗਿਓਹਿ, ਜੀਵਦੜੋ ਮੁਇਓਹਿ ॥"

(ਪੰਨਾ ੧੩੮੩)

Sri Satguru Jagjit Singh Ji eLibrary NamdhariElibrary@gmail.com

* ਅਮੀਰ ਉਹ ਹੈ ਜਿਸ ਨੇ ਅੰਦਰ ਧਨ ਜਮ੍ਹਾਂ ਕੀਤਾ ਹੈ, ਨਾ ਕਿ ਉਹ ਜਿਸ ਨੇ ਬਾਹਰ ਖਿਲਾਰਿਆ ਹੈ।
* ਜੇ ਤੂੰ ਦੋਸਤ ਬਨਾਉਣਾ ਹੈ ਤਾਂ ਭਰੋਸਾ ਕਰ, ਜੇ ਤੂੰ ਦੁਸ਼ਮਣ ਤੋਂ ਬਚਣਾ ਹੈ ਤਾਂ ਖਬਰਦਾਰ ਰਹੋ।
* ਹਜ਼ਾਰ ਗੁਣ ਮਨ ਵਿਚ ਪੈਦਾ ਕਰਨ ਨਾਲੋਂ ਇਕ ਔਗੁਣ ਕੱਢਣਾ ਚੰਗਾ ਹੈ।
* ਜਿਸ ਨੂੰ ਕੋਈ ਚੰਗਾ ਆਦਮੀ ਨਜ਼ਰ ਨਹੀਂ ਆਉਂਦਾ, ਨਿਸਚਾ ਕਰੋ ਜੇ ਉਹ ਆਪ ਚੰਗਾ ਨਹੀਂ ਹੈ।
* ਹਰ ਕੋਈ ਭੁੱਲ ਕਰਦਾ ਹੈ, ਇਸ ਲਈ ਹਰ ਸਿਆਣਾ ਆਦਮੀ ਰਾਇ ਬਦਲਦਾ ਹੈ। ਜੋ ਰਾਇ ਨਹੀਂ ਬਦਲਦਾ, ਉਹ ਜਾਂ ਰੱਬ ਹੈ ਜਾਂ ਹੂੜ-ਮਾਰ ਮੂਰਖ।
* ਹਵਾ ਦਾ ਬੁੱਲਾ ਕਾਗਜ਼ ਨੂੰ ਜਿੱਧਰ ਚਾਹੇ ਉਡਾ ਕੇ ਲੈ ਜਾਂਦਾ ਹੈ ਪਰ ਬਾਜ਼ ਜਿੱਧਰ ਚਾਹੇ ਆਪਣੀ ਤਾਕਤ ਨਾਲ ਉਡਦਾ ਹੈ।
* ਤਾਕਤਵਰ ਤਾਂ ਆਪਣੀ ਸਮਝ ਨਾਲ ਰਾਇ ਬਦਲਦੇ ਹਨ, ਪਰ ਹੌਲੇ ਆਦਮੀ ਹਰ ਜ਼ੋਰਦਾਰ ਖ਼ਿਆਲ ਅੱਗੇ ਉਡਦੇ ਫਿਰਦੇ ਹਨ।
* ਗਰੀਬੀ ਸ਼ਕਲ ਧਾਰਨ ਕਰ ਕੇ ਹਰ ਕੰਜੂਸ ਅਮੀਰ ਬਣਦਾ ਹੈ ਤੇ ਅਮੀਰੀ ਨਾਲ ਠਾਠ ਕਰ ਕੇ ਫਜ਼ੂਲ ਖਰਚ ਗਰੀਬ ਬਣਦਾ ਹੈ।
* ਦੋਸਤ ਨੂੰ ਖੁਸ਼ੀ ਵਿਚ ਰਲਾਓ, ਖੁਸ਼ੀ ਦੂਣੀ ਹੋ ਜਾਏਗੀ। ਗਮ ਵਿਚ ਰਲਾਓ, ਗਮ ਅੱਧਾ ਹੋ ਜਾਵੇਗਾ।
* ਰੱਬੀ ਗੁਣਾਂ ਵਿੱਚੋਂ ਸਭ ਤੋਂ ਸੌਖਾ ਤੇ ਲਾਭਵੰਦ ਗੁਣ ਖਿਮਾਂ ਕਰਨਾ ਹੈ, ਇਸ ਦੇ ਧਾਰਨ ਕਰਨ ਵਿਚ ਨਾ ਕੁਝ ਲਗਦਾ ਹੈ ਤੇ ਨਾ ਕੁਝ ਯਤਨ ਕਰਨਾ ਪੈਂਦਾ ਹੈ।
* ਵਾਹਿਗੁਰੂ ਤੋਂ ਡਰੋ ਕਿਉਂਕਿ ਉਹ ਸ਼ਕਤੀਵਾਨ ਹੈ। ਉਸ ਉੱਤੇ ਭਰੋਸਾ ਕਰੋ, ਕਿਉਂਕਿ ਉਹ ਸਿਆਣਪ ਦਾ ਪੁੰਜ ਹੈ। ਉਸ ਨੂੰ ਪਿਆਰ ਕਰੋ ਕਿਉਂਕਿ ਕਿ ਉਹ ਵੱਡਾ ਹੈ ਤੇ ਉਸ ਦੀ ਪੂਜਾ ਕਰੋ ਕਿਉਂਕਿ ਉਹ ਪਵਿੱਤਰ ਹੈ।
* ਜੋ ਬਿਪਤਾ ਵਿਚ ਦੋਸਤ ਦੀ ਸਲਾਹ ਨਹੀਂ ਸੁਣਦਾ, ਉਹ ਦੁਸ਼ਮਣ ਨੂੰ ਖੁਸ਼ ਕਰਦਾ ਹੈ।
* ਲੋਹੇ ਦੀ ਤਲਵਾਰ ਨਾਲ ਵੈਰੀ ਦਾ ਸਿਰ ਵੱਢ ਲੈਣ ਨਾਲੋਂ ਖਿਮਾਂ ਦੀ ਕੁੰਡੀ ਨਾਲ ਉਸ ਦਾ ਦਿਲ ਕੱਢ ਲੈਣਾ ਚੰਗਾ ਹੈ।
* ਜੋ ਸਮਝਦਾ ਹੈ ਕਿ ਮੈਂ ਸਿਰ ਉੱਤੇ ਕੌਮ ਜਾਂ ਦੇਸ਼ ਦੀ ਜ਼ਿੰਮੇਵਾਰੀ ਦਾ ਬੜਾ ਭਾਰ ਚੁੱਕਿਆ ਹੋਇਆ ਹੈ, ਉਸ ਨੂੰ ਭੁਲੇਖਾ ਹੈ। ਅਸਲ ਵਿਚ ਉਸ ਦੇ ਸਿਰ ਅੰਦਰ ਅਭਿਮਾਨ ਦਾ ਕੀੜਾ ਵੜਿਆ ਹੋਇਆ ਹੈ।
* ਗਲਤੀ ਮੰਨ ਲੈਣ ਨਾਲ ਗਲਤੀ ਦੂਰ ਨਹੀਂ ਹੋ ਜਾਂਦੀ, ਪਰ ਦੂਣੀ ਹੋਣੋਂ ਰੁੱਕ ਜਾਂਦੀ ਹੈ।
* ਗਲਤੀ ਠੀਕ ਕਰਨ ਦਾ ਮੁੱਢਲਾ ਸਾਧਨ ਗਲਤੀ ਮੰਨ ਲੈਣਾ ਹੈ।

Sri Satguru Jagjit Singh Ji eLibrary NamdhariElibrary@gmail.com

☆ ਜੋ ਗਲਤੀ ਮੰਨ ਕੇ ਉਸ ਨੂੰ ਆਪਣੇ ਗਲੋਂ ਲਾਹ ਨਹੀਂ ਸੁਟਦਾ, ਉਸ ਦੇ ਗਲ ਵਿਚ ਇਹ ਫਾਹ ਬਣ ਕੇ ਲਟਕੀ ਰਹਿੰਦੀ ਹੈ ਤੇ ਹਰ ਕਦਮ ਉੱਤੇ ਉਸ ਦੇ ਗੋਡੇ ਭੰਨਦੀ ਹੈ।

☆ ਸੁਸਤੀ ਦਾ ਇਕੋ ਇਲਾਜ ਉੱਦਮ ਹੈ, ਖ਼ੁਦਗਰਜ਼ੀ ਦਾ ਇਲਾਜ ਕੁਰਬਾਨੀ ਤੇ ਕੁਫਰ ਦਾ ਇਕੋ ਇਲਾਜ ਖਤਰੇ ਵਿਚ ਪੈਣਾ ਹੈ।

☆ ਧੋਖਾ ਖਾਣਾ ਮੂਰਖ ਦਾ ਕੰਮ ਹੈ ਤੇ ਧੋਖਾ ਦੇਣਾ ਬੇਈਮਾਨ ਦਾ।

☆ ਧੋਖਾ ਖਾਣ ਨਾਲ ਮੇਰੀ ਆਤਮਾ ਵਿੱਚੋਂ ਕੁਝ ਨਹੀਂ ਗੁੰਮਦਾ, ਧੋਖਾ ਦੇਣ ਨਾਲ ਮੇਰੀ ਆਤਮਾ ਆਪ ਹੀ ਗੁੰਮ ਜਾਂਦੀ ਹੈ।

☆ ਧੋਖਾ ਖਾਣ ਨਾਲ ਅਕਲ ਤੇਜ ਹੁੰਦੀ ਹੈ, ਧੋਖਾ ਦੇਣ ਨਾਲ ਮਨ ਮਲੀਨ ਹੁੰਦਾ ਹੈ।

☆ ਧੋਖੇ ਨਾਲ ਤੇਰਾ ਕੋਈ ਉਹੋ ਕੁਝ ਲੈ ਸਕਦਾ ਹੈ ਜੋ ਅੱਗੇ ਹੀ ਤੇਰਾ ਨਹੀਂ। ਪਰ ਧੋਖਾ ਦੇ ਕੇ ਤੂੰ ਉਹ ਕੁਝ ਗਵਾ ਲਵੇਂਗਾ, ਜਿਸ ਬਿਨਾ ਤੇਰਾ ਕੁਝ ਹੋਰ ਹੈ ਹੀ ਨਹੀਂ।

☆ ਸੱਚੇ ਦੁਸ਼ਮਣ ਦੀ ਦੁਸ਼ਮਣੀ ਦਾ ਇਤਨਾ ਡਰ ਨਹੀਂ ਹੈ, ਜਿਤਨਾ ਕਿ ਝੂਠੇ ਦੋਸਤ ਦੀ ਦੋਸਤੀ ਦਾ।

☆ ਬਹੁਤ ਸੋਚਿਆ, ਬਹੁਤ ਸੋਚਿਆ, ਸੋਚ ਸੋਚ ਕੇ ਆਖਿਰ ਇਹ ਸੋਚ ਫੁਰੀ ਕਿ ਕੋਈ ਸੋਚ ਨਹੀਂ ਫੁਰ ਸਕਦੀ।

☆ ਤੂੰ ਉਹੋ ਕਰ ਜੋ ਤੈਨੂੰ ਸਮਝ ਵਿਚ ਆਵੇ, ਕਿਉਂਕਿ ਵਾਹਿਗੁਰੂ ਦੇ ਹੁਕਮ ਮੰਨਣ ਦਾ ਰਾਹ ਇਹੋ ਸਮਝ ਹੀ ਹੈ।

☆ ਬਿਪਤਾ ਤੋਂ ਨਾ ਡਰ। ਇਹ ਆਉਂਦੀ ਤਾਂ ਬੱਦਲ ਵਾਂਗ ਬੜੀ ਗੱਜ-ਵੱਜ ਕੇ ਹੈ ਪਰ ਵਿੱਚੋਂ ਹੁੰਦੀ ਕੇਵਲ ਕਾਲੇ ਧੂੰਏਂ ਦਾ ਪਹਾੜ ਹੀ ਹੈ।

☆ ਜੋ ਸਭ ਉੱਤੇ ਇਤਬਾਰ ਕਰਦਾ ਹੈ, ਉਹ ਆਪ ਭੋਲਾ ਹੈ। ਜੋ ਸਭ ਉੱਤੇ ਸ਼ੱਕ ਕਰਦਾ ਹੈ ਉਹ ਬੇ-ਇਤਬਾਰਾ ਹੈ।

☆ ਪਾਗਲ ਸਭ ਦੁਨੀਆਂ ਨੂੰ ਪਾਗਲ ਸਮਝਦਾ ਹੈ ਤੇ ਬੇਈਮਾਨ ਸਭ ਦੁਨੀਆਂ ਨੂੰ ਬੇਈਮਾਨ।

☆ ਦੋਸਤ ਬਹੁਤ ਹਨ ਪਰ ਦੋਸਤ ਕੋਈ ਨਹੀਂ, ਜੇ ਦੋਸਤ ਦੋਸਤ ਹੁੰਦਾ ਤਾਂ ਦੁਸ਼ਮਣ ਦੁਸ਼ਮਣ ਨਾ ਰਹਿੰਦਾ।

☆ ਨੀਅਤ ਨੇਕ ਰੱਖਣਾ ਕਾਫ਼ੀ ਨਹੀਂ, ਨੇਕ ਕੰਮ ਵੀ ਕਰੋ।

☆ ਜੇ ਕੋਈ ਆਗੂ ਸਮਝਦਾ ਹੈ ਕਿ ਕੌਮੀ ਲਹਿਰ ਦੀ ਕਾਮਯਾਬੀ ਮੇਰੀ ਕਿਸੇ ਹਿਕਮਤ ਦਾ ਨਤੀਜਾ ਹੈ, ਉਹ ਉਸ ਮੂਰਖ ਵਰਗਾ ਹੈ, ਜੋ ਉਸ ਵਾਜੇ ਦਾ ਪੱਖਾ ਝੱਲ ਰਿਹਾ ਸੀ ਤੇ ਮੂਰਖ ਨੇ ਸਮਝਿਆ ਇਹ ਸੁਰੀਲਾ ਰਾਗ ਮੇਰੀ ਉਸਤਾਦੀ ਨਾਲ ਹੀ ਨਿਕਲ ਰਿਹਾ ਹੈ।

☆ ਸਿਆਣਾ ਆਦਮੀ ਗਰਮ ਹੋਏ ਹੋਏ ਲੋਹੇ ਤੇ ਸੱਟ ਮਾਰਦਾ ਹੈ ਪਰ ਬਹਾਦਰ

Sri Satguru Jagjit Singh Ji eLibrary NamdhariElibrary@gmail.com

ਆਦਮੀ ਲੋਹੇ ਨੂੰ ਗਰਮ ਵੀ ਕਰ ਲੈਂਦਾ ਹੈ।

☆ ਤੱਤਾ ਕੀਤਾ ਹੋਇਆ ਕੋਇਲਾ ਹੱਥ ਨੂੰ ਸਾੜਦਾ ਹੈ ਤੇ ਠੰਢਾ ਹੱਥ ਨੂੰ ਕਾਲਾ ਕਰਦਾ ਹੈ।

☆ ਸੌ ਗੁਣ ਹਾਸਿਲ ਕਰਨਾ ਸੌਖਾ ਹੈ ਤੇ ਇਕ ਔਗੁਣ ਛੱਡਣਾ ਔਖਾ।

☆ ਮੋਤੀ ਲੱਭਣ ਲਈ ਸਾਹ ਬੰਦ ਕਰ ਕੇ ਡੂੰਘੇ ਕਾਲੇ ਸਮੁੰਦਰ ਵਿਚ ਚੁੱਭੀ ਮਾਰਨੀ ਪੈਂਦੀ ਹੈ।

☆ ਮੈਂ ਸੱਚ ਕਹਿੰਦਾ ਹਾਂ ਕਿ ਮੇਰੇ ਵਿਚ ਇਤਨੀ ਅਕਲ ਨਹੀਂ ਹੈ ਕਿ ਮੈਂ ਉਹਨਾਂ ਦੀ ਮੂਰਖਤਾ ਨੂੰ ਸਮਝ ਸਕਾਂ।

☆ ਬੁਰੇ ਦੀਆਂ ਚੰਗਿਆਈਆਂ ਵੱਲ ਵੇਖੋ ਤੇ ਚੰਗੇ ਦੀਆਂ ਬੁਰਿਆਈਆਂ ਵੱਲੋਂ ਅੱਖਾਂ ਮੀਟ ਦਿਓ।

☆ ਇਸ ਨਗਰੀ ਵਿਚ ਉਹ ਬੁਰਾ ਹੈ, ਜਿਸ ਦਾ ਪਰਦਾ ਖੁਲ੍ਹ ਗਿਆ ਹੈ ਤੇ ਉਹ ਚੰਗਾ ਹੈ ਜੋ ਪਖੰਡ ਵਿਚ ਵਧੇਰੇ ਉਸਤਾਦ ਹੈ।

☆ ਜੇ ਉਹ ਭਲਾ ਹੈ, ਜੋ ਬੁਰਿਆਈ ਨਾ ਕਰੇ ਤੇ ਉਹ ਬੁਰਾ ਹੈ ਜੋ ਭਲਿਆਈ ਨਾ ਕਰੇ ਤਾਂ ਸਾਹਮਣੇ ਪਿਆ ਪੱਥਰ ਤਾਂ ਦੋਨੋਂ ਕੁਝ ਹੈ।

☆ ਜੋ ਤੇਰੇ ਉੱਤੇ ਜਾਣ ਬੁੱਝ ਕੇ ਝੂਠੇ ਦੂਸ਼ਨ ਥਾਪੇ, ਉਸ ਨੂੰ ਖਿਮਾਂ ਕਰ ਦੇਹ ਤੇ ਭੁੱਲ ਜਾਹ, ਪਰ ਮੁੜ ਉਸ ਦੇ ਲਾਗਿਓਂ ਨਾ ਲੰਘੀਂ।

☆ ਜੋ ਕਹੇ ਕਿ ਮੇਰੀ ਰਾਇ ਨਹੀਂ ਪਲਟ ਸਕਦੀ, ਉਸ ਦੀ ਅਕਲ ਪਲਟਨ ਦੀ ਲੋੜ ਹੈ।

☆ ਜੋ ਕੋਈ ਪਾਜ ਬਣਾਉਂਦਾ ਹੀ ਨਹੀਂ ਉਸ ਦਾ ਖੁਲ੍ਹੇਗਾ ਕੀ ?

☆ ਬੇ-ਸਮਝ ਸਮਝਾਇਆਂ ਕਿਸ ਤਰ੍ਹਾਂ ਸਮਝ ਸਕਦਾ ਹੈ। ਸਮਝਣ ਲਈ ਵੀ ਤਾਂ ਸਮਝ ਦੀ ਲੋੜ ਹੈ।

☆ ਆਪਣੇ ਆਪ ਨੂੰ ਵੱਡਾ ਦੱਸਣ ਦਾ ਯਤਨ ਨਾ ਕਰੋ, ਕਿਉਂਕਿ ਧੂੰਏਂ ਦੇ ਪਹਾੜ ਨਾਲੋਂ ਕੋਇਲੇ ਦਾ ਟੋਟਾ ਚੰਗਾ ਹੈ।

☆ ਜੋ ਕੁਝ ਤੁਸੀਂ ਹੋ, ਉਹੋ ਕੁਝ ਹੀ ਪ੍ਰਗਟ ਹੋਵੋ। ਦੁੱਖ ਤੇ ਔਖ ਉਹ ਕੁਝ ਪ੍ਰਗਟ ਹੋਣ ਵਿਚ ਹੈ, ਜੋ ਅਸੀਂ ਨਹੀਂ ਹਾਂ।

☆ ਝੂਠੀ ਵਡਿਆਈ ਬਹੁਤ ਸਾਰੇ ਦੁੱਖਾਂ ਦਾ ਕਾਰਨ ਹੈ।

☆ ਨਾ-ਕਾਮਯਾਬ ਉਹ ਹੁੰਦਾ ਹੈ ਜੋ ਦਿਲ ਛੱਡ ਦੇਵੇ। ਜੋ ਦਿਲ ਨਹੀਂ ਛੱਡਦਾ, ਉਹ ਜਾਂ ਤਾਂ ਉਸੇ ਵੇਲੇ ਕਾਮਯਾਬ ਹੁੰਦਾ ਹੈ ਜਾਂ ਅੱਗੇ ਲਈ ਕਾਮਯਾਬੀ ਦਾ ਬੀਜ ਆਪਣੇ ਲਹੂ ਨਾਲ ਬੀਜ ਲੈਂਦਾ ਹੈ।

☆ ਉਹਨਾਂ ਵੈਰੀਆਂ ਦਾ ਬਾਹਲਾ ਡਰ ਨਾ ਰੱਖੋ, ਜੋ ਤੁਹਾਡੇ ਨਾਂਹ ਕਹਿਣ ਨਾਲ ਬਣੇ ਹਨ। ਨਾ ਉਹਨਾਂ ਦੋਸਤਾਂ ਉੱਤੇ ਬਾਹਲਾ ਭਰੋਸਾ ਰੱਖੋ ਜੋ ਤੁਹਾਡੇ "ਹਾਂ" ਕਹਿਣ ਨਾਲ ਬਣੇ ਹਨ।

☆ ਬਦ-ਕਿਸਮਤੀ ਦੇ ਦਿਨ ਕੱਟਣ ਨਾਲੋਂ ਖੁਸ਼ਕਿਸਮਤੀ ਪਚਾਣੀ ਵਧੇਰੇ ਔਖੀ

Sri Satguru Jagjit Singh Ji eLibrary NamdhariElibrary@gmail.com

ਹੈ ।

✡ ਖੁਸ਼ਕਿਸਮਤੀ ਵਿਚ ਅਜੇਹਾ ਜਾਦੂ ਹੈ ਕਿ ਚੰਗੇ ਭਲੇ ਸਿਆਣੇ ਆਦਮੀਆਂ ਨੂੰ ਮੂਰਖ ਬਣਾ ਦਿੰਦੀ ਹੈ ।

✡ ਕਿਹੜੀ ਬਿਪਤਾ ਹੈ, ਜਿਸ ਤੋਂ ਵੱਡੀ ਨਹੀਂ ਹੋ ਸਕਦੀ ? ਫਿਰ ਰੱਬ ਦਾ ਸ਼ੁਕਰ ਕਰੋ ਕਿ ਤੁਸੀਂ ਹੋਰ ਵੱਡੀ ਵਿਚ ਨਹੀਂ ਫਸੇ ।

✡ ਫਿਕਰ ਲੁਕਾਣ ਨਾਲੋਂ ਖੁਸ਼ੀ ਪਚਾਣਾ ਔਖਾ ਹੈ ।

✡ ✡ ✡

Sri Satguru Jagjit Singh Ji eLibrary NamdhariElibrary@gmail.com

# ੧੯.

## ਮੇਰੀ ਅਰਦਾਸ

ਮੈਂ ਤੈਥੋਂ ਮੰਗਦਾ ਕੁਝ ਨਹੀਂ ਹਾਂ, ਮੈਂ ਤਾਂ ਕਹਿੰਦਾ ਹਾਂ ਕਿ ਤੂੰ ਮੇਰਾ ਸਭ ਕੁਝ ਲੈ ਲੈ, । ਤੂੰ ਮੇਰੀ ਇਹ ਅਰਦਾਸ ਭੀ ਨਹੀਂ ਸੁਣਦਾ ? ਇਹ ਕੇਡਾ ਧੱਕਾ ਹੈ । ਜੋ ਤੈਥੋਂ ਮੰਗੇ, ਉਸ ਨੂੰ ਤਾਂ ਭਲਾ ਨਾ ਦੇਹ, ਪਰ ਜੋ ਦੇਂਦਾ ਹੈ, ਉਸ ਤੋਂ ਕਿਉਂ ਨਹੀਂ ਲੈਂਦਾ ?

ਇਹ ਹੈ 'ਡਾਢੇ ਦਾ ਸਤੀ ਵੀਂਹ ਸੌ' ।

ਇਹ ਤੇਰਾ ਕੀ ਉੱਤਰ ਹੋਇਆ ਕਿ "ਤੂੰ ਦਿਲੋਂ ਨਹੀਂ ਦੇਂਦਾ ਤੂੰ ਦਿਲ ਮੇਰੇ ਨੂੰ ਹੀ ਬਦਲ ਦੇਹ । ਆਖਰ ਦਿਲ ਦਾ ਬਦਲਣਾ ਵੀ ਮੇਰੇ ਹੱਥ ਤਾਂ ਨਹੀਂ ਹੈ :

ਹਉ ਕਰਿ ਕਰਿ ਥਾਕਾ ਉਪਾਵ ਬਹੁਤੇਰੇ ॥
ਨਾਨਕ ਗਰੀਬ ਰਾਖਹੁ ਹਰਿ ਮੇਰੇ ॥ (ਪੰਨਾ ੫੬੧)

ਜਦ ਮੈਂ ਸਭ ਕੁਝ ਦੇਂਦਾ ਹਾਂ, ਤਾਂ ਦਿਲ ਕਿਧਰੇ ਵੱਖਰਾ ਤਾਂ ਨਹੀਂ ਰਹਿ ਜਾਂਦਾ ? ਸੱਚੀ ਗੱਲ ਤਾਂ ਇਹ ਹੈ ਕਿ ਜੋ ਦਲੀਲਾਂ ਮੈਂ ਸਮਝ ਸਕਦਾ ਹਾਂ, ਉਸ ਰਾਹੀਂ ਤਾਂ ਤੂੰ ਬੇ-ਦਲੀਲ ਹੈਂ । ਪਰ ਜੋ ਤੇਰੇ ਕੋਲ ਹੋਰ ਸੂਖਮ ਦਲੀਲ ਜਾਂ ਗੁਪਤ ਕਾਰਨ ਹੈ ਤਾਂ ਮੈਂ ਉਸ ਬਾਰੇ ਮੈਂ ਕੀ ਆਖ ਸਕਦਾ ਹਾਂ ।

✡ ✡ ✡

Sri Satguru Jagjit Singh Ji eLibrary NamdhariElibrary@gmail.com